# ਆਲੋਚਨਾ

ਦਸੰਬਰ ੧੯੬੦

ਮੁਲ : ੫੦ ਨਵੇਂ ਪੈਸੇ

ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ

Approved for use in the Schools and Colleges of the Panjab
vide D. P. I's letter No. 3397—B—6/48—55—25796
dated July 1955.

# ਆਲੋਚਨਾ

ਸੰਪਾਦਕ ਮੰਡਲ :

ਭਾਈ ਸਾਹਿਬ ਭਾਈ ਜੋਧ ਸਿੰਘ,
ਪ੍ਰੋ. ਸੰਤ ਸਿੰਘ ਸੇਖੋਂ
ਪ੍ਰੋ. ਗੁਲਵੰਤ ਸਿੰਘ

ਜਿਲਦ ੬ ] ਦਸੰਬਰ ੧੯੬੦ [ ਕੁਲ ਅੰਕ ਨੰ: ੪੩
ਅੰਕ ੧੨ ]

## ਲੇਖ-ਸੂਚੀ

ਨੰ: ਪੰਨਾ

੧. ਕਬੀਰ ਜੀ ਦੀ ਰਚਨਾ — ਨਰੈਣ ਸਿੰਘ — ੧
੨. ਪੰਜਾਬੀ ਲੋਕ ਕਹਾਣੀਆਂ ਅਤੇ ਉਹਨਾਂ ਦੀ ਪਰੰਪਰਾ — ਨਰੇਂਦਰ ਧੀਰ — ੧੬
੩. ਛਾਇਆਵਾਦ ਅਤੇ ਪੰਜਾਬੀ ਕਵਿਤਾ — ਪ੍ਰੋ: ਕਰਤਾਰ ਸਿੰਘ ਸੂਰੀ — ੨੧
੪. ਬਾਵਾ ਬਲਵੰਤ ਦੀ ਪੰਜਾਬੀ ਕਾਵਿ ਨੂੰ ਦੇਣ — ਕੁਲਬੀਰ ਸਿੰਘ ਕਾਂਗ — ੩੨

ਨਰੈਣ ਸਿੰਘ—

# ਕਬੀਰ ਜੀ ਦੀ ਰਚਨਾ

(ਨੋਟ : ਇਸ ਲੇਖ ਵਿਚ ਦਿਤੀ ਕਬੀਰ ਜੀ ਦੀ ਹਰ ਤੁਕ ਦੇ ਨਾਲ ਗੁਰੂ ਗ੍ਰੰਥ ਸਾਹਿਬ ਦੀ ੧੪੩੦ ਸਫ਼ੇ ਵਾਲੀ ਬੀੜ ਦਾ ਪੰਨਾ ਦਿਤਾ ਹੈ ।)

ਭਗਤ ਕਬੀਰ ਜੀ ਭਾਰਤ ਦੀ ਭਗਤੀ ਲਹਿਰ ਦੀਆਂ ਮਹਾਨ ਵਿਅਕਤੀਆਂ ਵਿਚੋਂ ਪੰਦਰਵੀਂ ਸਦੀ ਈਸਵੀ ਦੀ ਇਕ ਉਚੀ ਹਸਤੀ ਹੋਏ ਹਨ । ਨਾ ਕੇਵਲ ਅਪਣੀ ਡੂੰਘੀ ਭਗਤੀ ਭਾਵਨਾ ਅਤੇ ਰੱਬ ਦੇ ਪਿਆਰੇ ਹੋਣ ਕਰ ਕੇ ਹੀ, ਬਲਕਿ ਭਾਰਤ ਦੇ ਉਸ ਵੇਲੇ ਦੇ ਸਮਾਜ ਅੰਦਰ ਇਕ ਵਿਚਾਰਵਾਨ ਅਤੇ ਨਿਝੱਕ ਸੁਧਾਰਕ ਹੋਣ ਦੀ ਹੈਸੀਅਤ ਵਿਚ ਭੀ ਆਪ ਇਕ ਉਘੀ ਥਾਉਂ ਰਖਦੇ ਹਨ । ਆਪ ਦੇ ਕਥਨ, ਜਿਨ੍ਹਾਂ ਰਾਹੀਂ ਆਪ ਦੇ ਦਿਲ ਦੇ ਭਾਵ ਅਤੇ ਵਿਚਾਰ ਸਾਡੇ ਤਕ ਪੁਜੇ ਹਨ ਅਤੇ ਜਿਨ੍ਹਾਂ ਦਾ ਕਾਫ਼ੀ ਵਡਾ ਹਿਸਾ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਹੈ, ਆਪਣੀ ਸ਼ੈਲੀ, ਰੂਪ ਅਤੇ ਸੰਗੀਤ ਕਾਰਣ ਆਪ ਨੂੰ ਇਕ ਮੰਨੇ ਪ੍ਰਮੰਨੇ ਸਾਹਿਤਕ ਕਲਾਕਾਰ ਹੋਣ ਦਾ ਭੀ ਮਾਣ ਦੇਂਦੇ ਹਨ । ਆਪ ਬਨਾਰਸ ਦੇ ਰਹਿਣ ਵਾਲੇ ਸਨ, ਜਿਸ ਲਈ ਆਪ ਦੀ ਰਚਨਾ ਹਿੰਦੀ ਬੋਲੀ ਅਦਰ ਕੀਤੀ ਗਈ ਹੋਈ ਹੈ ਅਤੇ ਨਿਝੱਕਤਾ ਆਪ ਦੇ ਕਥਨ ਦਾ ਵਿਸ਼ੇਸ਼ ਗੁਣ ਹੈ ।

ਆਪ ਨੇ ਸਾਧਾਰਣ ਅਤੇ ਗਰੀਬ ਜੁਲਾਹੇ ਘਰ ਵਿਚ ਪਰਵਰਿਸ਼ ਪਾਈ ਸੀ । ਆਪ ਦਾ ਰੋਜ਼ ਦਾ ਕਿੱਤਾ ਖਡੀ ਤੇ ਕਪੜਾ ਬੁਣਨਾ ਸੀ । ਪਰੰਤੂ ਸਾਰਾ ਦਿਨ ਨਾਮ ਸਿਮਰਣ ਅਤੇ ਸਾਧਾਂ ਸੰਤਾਂ ਦੀ ਸੰਗਤ ਵਿਚ ਗੁਜ਼ਾਰਦੇ ਰਹਿਣ ਕਾਰਣ ਆਪ ਕਿੱਤੇ ਵਲ ਬਹੁਤ ਘਟ ਧਿਆਨ ਦੇਂਦੇ, ਬਲਕਿ ਇਥੋਂ ਤਕ ਕਿ ਆਪ ਨੇ ਇਕ ਥਾਂ ਤੇ ਕਹਿਆ ਹੈ ਕਿ ਜਿਹੜਾ ਸਮਾਂ ਮੈਂ ਨਲਕੀ ਵਿਚੋਂ ਧਾਗਾ ਖਿਚਣ ਲਈ ਫੂਕ ਮਾਰਦਾ ਹਾਂ, ਉਤਨਾ ਚਿਰ ਮੇਰੀ ਰਸਨਾ ਰਾਮ ਕਹਿਣ ਤੋਂ ਰੁਕ ਜਾਂਦੀ ਹੈ :—

"ਜਬ ਲਗੁ ਤਾਗਾ ਬਾਹਉ ਬੇਹੀ, ਤਬ ਲਗੁ ਬਿਸਰੈ ਰਾਮੁ ਸਨੇਹੀ ॥ ੫੨੪

ਆਪ ਦੀ ਮਾਤਾ ਹਮੇਸ਼ਾਂ ਇਹ ਸ਼ਕਾਇਤ ਕਰਦੀ ਰਹਿੰਦੀ : 'ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ–੫੨੪' ਅਤੇ 'ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖੁ ਨ ਭਇਓ'–੮੫੬ ।

ਸੰਤਾਂ ਸਾਧਾਂ ਦੀ ਆਵਾਜਾਈ ਇਤਨੀ ਸੀ ਕਿ ਘਰ ਦਾ ਰਿੱਧਾ ਪੱਕਾ ਉਹ ਖਾ ਜਾਂਦੇ ਸਨ ਅਤੇ ਕਬੀਰ ਅਤੇ ਘਰ ਦੇ ਦੂਸਰੇ ਜੀਆਂ ਨੂੰ ਕਈ ਵੇਰ ਦਾਣੇ ਚਬ ਕੇ ਹੀ ਗੁਜ਼ਾਰਾ ਕਰਨਾ ਪੈਂਦਾ ਅਤੇ ਸੌਣ ਵਾਸਤੇ ਘਰ ਵਿਚ ਜੋ ਗਿਣਤੀ ਦੇ ਮੰਜੇ ਹੁੰਦੇ ਉਹ ਤਾਂ ਸਾਧਾਂ ਸੰਤਾਂ ਨੂੰ ਦਿਤੇ ਜਾਂਦੇ ਅਤੇ ਲੋਈ ਦੇ ਬੱਚੇ ਭੁੰਜੇ ਹੀ ਸੌਂਦੇ। ਲੋਈ ਇਸ ਬਾਰੇ ਇਉਂ ਸ਼ਕਾਇਤ ਕਰਦੀ ਹੈ :—

"ਲਰਿਕੀ ਲਰਿਕਣ ਖੈਬੋ ਨਾਹਿ, ਮੁੰਡੀਆ ਅਨਦਿਨੁ ਧਾਪੇ ਜਾਹਿ।
ਇਕ ਦੁਇ ਮੰਦਰਿ ਇਕ ਦੁਇ ਬਾਟ, ਹਮ ਕਉ ਸਾਥਰ ਉਨ ਕਉ ਖਾਟ।
ਮੂਡ ਪਲੋਸਿ ਕਮਰ ਬਧਿ ਪੋਥੀ, ਹਮ ਕਉ ਚਾਬਨੁ ਉਨ ਕਉ ਰੋਟੀ। ੮੭੧

ਘਰ ਦੀ ਗਰੀਬੀ ਦੀ ਹਾਲਤ ਦਾ ਨਕਸ਼ਾ ਕਬੀਰ ਜੀ ਦੇ ਇਕ ਸ਼ਬਦ ਤੋਂ ਸਪਸ਼ਟ ਹੁੰਦਾ ਹੈ। ਇਕ ਰਾਤ ਇਕ ਕੁਤਾ ਘਰ ਆ ਵੜਦਾ ਹੈ ਅਤੇ ਜੋ ਮਿਲਿਆ ਖਾ ਪੀ ਕੇ ਚਕੀ ਦਾ ਪਰੋਲਾ ਲੈ ਤੁਰਦਾ ਹੈ ਤੇ ਕਬੀਰ ਜੀ ਅਪਨੇ ਰੰਗ ਵਿਚ ਮਸਤ ਕੁਤੇ ਨੂੰ ਇਉਂ ਸੰਬੋਧਨ ਕਰਦੇ ਹਨ :

"ਇਸ ਘਰ ਮਹਿ ਹੈ ਸੁ ਤੂ ਢੂੰਢ ਖਾਹਿ,
ਅਉਰ ਕਿਸੀ ਕੇ ਤੂ ਮਤਿ ਹੀ ਜਾਹਿ।
ਚਾਕੀ ਚਾਟਹਿ ਚੂਨ ਖਾਹਿ,
ਚਾਕੀ ਕਾ ਚੀਥਰਾ ਕਹਾਂ ਲੈ ਜਾਹਿ।" ੧੧੯੬

ਘਰ ਦੀ ਰੋਜ਼ ਦੀ ਆਟੇ ਲੂਣ ਦੀ ਮੰਗ ਤੋਂ ਤੰਗ ਆ ਕੇ ਆਪਣੇ ਮਾਲਕ ਪ੍ਰਭੂ ਨੂੰ ਸਿਧੀਆਂ ਤੇ ਖਰੀਆਂ ਖਰੀਆਂ ਸੁਣਾਉਂਦੇ ਹੋਏ ਨਿਤ ਦਾ ਰਾਸ਼ਨ ਪਾਣੀ ਮੰਗਦੇ ਹਨ :–

"ਭੂਖੇ ਭਗਤਿ ਨ ਕੀਜੈ, ਯਹ ਮਾਲਾ ਅਪਨੀ ਲੀਜੈ।
ਹਉ ਮਾਂਗਉ ਸੰਤਨ ਰੇਨਾ, ਮੈਂ ਨਾਹੀਂ ਕਿਸੀ ਕਾ ਦੇਨਾ।
ਮਾਧੋ ਕੈਸੀ ਬਨੈ ਤੁਮ ਸੰਗੇ, ਆਪਿ ਨ ਦੇਹੁ ਤ ਲੇਵਉ ਮੰਗੇ।
ਦੁਇ ਸੇਰ ਮਾਗਉ ਚੂਨਾ, ਪਾਉ ਘੀਉ ਸੰਗਿ ਲੂਨਾ।
ਅਧ ਸੇਰ ਮਾਂਗਉ ਦਾਲੇ, ਮੋਕਉ ਦੋਨਉ ਵਖਤ ਜਿਵਾਲੇ।
... ... ...
ਮੈਂ ਨਾਹੀਂ ਕੀਤਾ ਲਬੋ, ਇਕੁ ਨਾਉਂ ਤੇਰਾ ਮੈਂ ਫਬੋ
ਕਹਿ ਕਬੀਰ ਮਨੁ ਮਾਨਿਆ, ਮਨ ਮਾਨਿਆ ਤਉ ਹਰਿ ਜਾਨਿਆ। ੬੫੬

ਆਪ ਇਹ ਭੀ ਦੇਖਦੇ ਹਨ ਕਿ :

"ਨਿਰਧਨ ਆਦਰੁ ਕੋਈ ਨ ਦੇਇ,
ਲਾਖ ਜਤਨ ਕਰੈ ਓਹੁ ਚਿਤਿ ਨ ਧਰੇਇ।
ਜਉ ਨਿਰਧਨੁ ਸਰਧਨ ਕੈ ਜਾਇ, ਆਗੇ ਬੈਠਾ ਪੀਠਿ ਫਿਰਾਇ।

ਜਉ ਸਰਧਨੁ ਨਿਰਧਨ ਕੈ ਜਾਇ,
ਦੀਆ ਆਦਰੁ ਲੀਆ ਬੁਲਾਇ।'' ੧੧੫੯

ਸਮਾਜ ਅੰਦਰ ਅਜਿਹੇ ਆਰਥਿਕ ਵਿਤਕਰੇ ਨੂੰ ਆਪ ਭਲੀ ਤਰ੍ਹਾਂ ਅਨੁਭਵ ਕਰਦੇ ਹਨ। ਪਰੰਤੂ ਭਾਵੇਂ ਆਪ ਰੱਬ ਨੂੰ ਇਸ ਵਿਸ਼ੇ ਤੇ ਸੰਬੋਧਨ ਭੀ ਕਰਦੇ ਹਨ ਪਰ ਆਪ ਨੂੰ ਇਸ ਦੇ ਵਿਰੁਧ ਗਿਲਾ ਕੋਈ ਨਹੀਂ। ਆਪ ਖੁਸ਼ ਹਨ ਕਿ ਆਪ ਨੂੰ ਸਾਧਾਂ ਦੀ ਸੰਗਤ ਵਿਚ ਪ੍ਰਭੂ ਦੇ ਗੁਣ ਗਾਉਣੇ ਮਿਲੇ ਹਨ, ਕੀ ਹੋਇਆ ਜੇ ਜਵਾਂ ਦੀ ਰੋਟੀ ਖਾਣੀ ਪੈਂਦੀ ਹੈ :—

''ਕਬੀਰ ਸਾਧੂ ਕੀ ਸੰਗਤ ਰਹਉ ਜਉ ਕੀ ਭੂਸੀ ਖਾਉ'' ੧੩੬੯

ਅਤੇ ''ਊਚ ਭਵਨ ਕਨ ਕਾਮਨੀ ਸਿਖਰਿ ਧਜਾ ਫਹਰਾਇ।
ਤਾ ਤੇ ਭਲੀ ਮਧੂਕਰੀ ਸੰਤ ਸੰਗ ਗੁਣ ਗਾਇ।'' ੧੩੭੨

ਬਲਕਿ ਆਪ ਇਸ ਬਾਰੇ ਪ੍ਰਭੂ ਦੀ ਅਸਚਰਜ ਲੀਲਾ ਦਸਦੇ ਹੋਏ ਸਿਖਿਆ ਦੇਂਦੇ ਹਨ ਕਿ ਕਿਸੇ ਦੂਸਰੇ ਦੀ ਖੁਸ਼ੀ ਤਥਾ ਪਦਾਰਥ ਨੂੰ ਤੱਕ ਕੇ ਸਾੜਾ ਨਾ ਕਰ, ਸਗੋਂ ਤੂੰ ਭੀ ਅਜਿਹੀ ਕਮਾਈ ਕਰ ਕਿ ਤੈਨੂੰ ਭੀ ਉਹੋ ਖੁਸ਼ੀ ਨਸੀਬ ਹੋਵੇ, ਅਤੇ ਜੋ ਮਿਲਦਾ ਹੈ ਉਸ ਨੂੰ ਦਿਲੀ ਪ੍ਰਸੰਨਤਾ ਨਾਲ ਅੰਗੀਕਾਰ ਕਰ। ਆਪ ਦਾ ਇਹ ਵਿਸ਼ਵਾਸ ਹੈ ਕਿ ਸੁਕ੍ਰਿਤ ਕਰਨ ਨਾਲ ਮਨੁਖ ਮੂੰਹ ਮੰਗੇ ਪਦਾਰਥ ਲੈ ਸਕਦਾ ਹੈ :

''ਕਾਹੂ ਦੀਨੇ ਪਾਟ ਪਟੰਬਰ ਕਾਹੂ ਪਲਘ ਨਿਵਾਰਾ ॥
ਕਾਹੂ ਗਰੀ ਗੋਦਰੀ ਨਾਹੀ, ਕਾਹੂ ਖਾਨ ਪਰਾਰਾ ॥
ਅਹਿਰਖ ਵਾਦੁ ਨ ਕੀਜੈ ਰੇ ਮਨ, ਸੁਕ੍ਰਿਤ ਕਰਿ ਕਰਿ ਲੀਜੈ ਰੇ ਮਨ ॥
... ... ...
ਹਰ ਜਨ ਊਤਮੁ ਭਗਤੁ ਸਦਾਵੈ ਆਗਿਆ ਮਨਿ ਸੁਖੁ ਪਾਈ ॥
ਜੋ ਤਿਸੁ ਭਾਵੈ ਸਤਿ ਕਰਿ ਮਾਨੈ ਭਾਣਾ ਮੰਨਿ ਵਸਾਈ।'' ੪੭੯

ਉਕਤ ਖਿਆਲ ਦੇ ਪ੍ਰਗਟਾਅ ਲਈ ਆਪ ਦਾ ਰੂਪਕ ਕਥਨ ਢੰਗ, ਆਪ ਦੀ ਸ਼ਬਦ ਚੋਣ : 'ਪਾਟ ਪਟੰਬਰ', 'ਪਲਘ ਨਿਵਾਰਾ', 'ਗਰੀ ਗੋਦਰੀ', 'ਖਾਨ ਪਰਾਰਾ', 'ਅਹਿਰਖ ਵਾਦੁ', 'ਸੁਕ੍ਰਿਤ ਕਰਿ ਕਰਿ' ਅਤੇ ਇਨ੍ਹਾਂ ਦੀ ਸਰੋਦੀ ਚਾਲ ਆਪ ਦੇ ਕਲਾਕਾਰੀ ਸੋਹਜ ਨੂੰ ਚਾਰ ਚੰਨ ਲਾਉਂਦੇ ਹਨ। ਇਨ੍ਹਾਂ ਸਤਰਾਂ ਅੰਦਰ ਕਥੇ ਖਿਆਲ ਅਤੇ ਸੁੰਦਰ ਕਾਵਯਾ ਗੋਂਦ ਨੇ ਇਨ੍ਹਾਂ ਨੂੰ ਸਾਹਿਤ ਅੰਦਰ ਵਿਸ਼ੇਸ਼ ਥਾਉਂ ਦੇ ਰਖਿਆ ਹੈ। ਕਬੀਰ ਜੀ ਦਾ ਸਰਲ ਸਾਦਾ ਜੀਵਨ ਅਤੇ ਸੰਸਾਰੀ ਪਦਾਰਥਾਂ ਵਲੋਂ ਨਿਰਲੇਪਤਾ ਆਪ ਨੂੰ ਦੁਨੀਆਂ ਵਲੋਂ ਨਿਰਦਾਵੇ ਰਹਿਣ ਦੀ ਸੂਚਨਾ ਦੇਂਦੇ ਹਨ :—

''ਕਬੀਰ ਦਾਵੈ ਦਾਝਨੁ ਹੋਤੁ ਹੈ ਨਿਰਦਾਵੈ ਰਹੈ ਨਿਸੰਕ।
ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ।'' ੧੩੭੩

ਬਲਕਿ ਆਪ ਦੀ ਸਾਦਗੀ ਸਿਖਰ ਨੂੰ ਹਥ ਲਾਉਂਦੀ ਪ੍ਰਤੀਤ ਹੁੰਦੀ ਹੈ ਜਦੋਂ ਆਪ ਨਿਰਦਾਵੇ ਹੋਣ ਦੀ ਉਸ ਅਵਸਥਾ ਦੀ ਪ੍ਰਸੰਸਾ ਕਰਦੇ ਹਨ ਜਿਸ ਵਿਚ ਆਪਣੇ ਆਪ ਅਤੇ ਸੰਸਾਰ ਵਲੋਂ ਮਨੁਖ ਉੱਕਾ ਹੀ ਬੇਫਿਕਰ ਹੋ ਕੇ ਜ਼ਿਮੇਵਾਰੀ ਦੇ ਇਹਸਾਸ ਨੂੰ ਹੀ ਨਹੀਂ ਕਬੂਲਦਾ–'Where ignorance is bliss' ਅਤੇ ਆਪ ਕਹਿੰਦੇ ਹਨ ਕਿ ਮੈਂ, ਜਿਸ ਨੂੰ ਇਹ ਬੇਫਿਕਰੀ ਨਸੀਬ ਨਹੀਂ ਹੋਈ, ਮੈਂ ਤਾਂ ਬਲਾ ਦੇ ਮੂੰਹ ਆਇਆ ਹੋਇਆ ਹਾਂ।—

ਕਬੀਰ ਜਿਨਹੁ ਕਿਛੂ ਜਾਨਿਆ ਨਹੀਂ ਤਿਨ ਸੁਖ ਨੀਦ ਬਿਹਾਇ।
ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ। ੧੩੭੪

ਭਾਵੇਂ ਆਪ ਅਗਿਆਨਤਾ ਵਾਲੀ ਬੇਫ਼ਿਕਰੀ ਦੀ ਵਡਿਆਈ ਕਰਦੇ ਹਨ, ਜਿਸ ਬੇਫਿਕਰੀ ਵਿਚ ਪਾਪ ਪੁੰਨ ਦੀ ਸੂਝ ਨਹੀਂ ਅਤੇ ਜੋ ਆਤਮਾ ਦੀ ਸੁੰਨ ਦਸ਼ਾ ਦੇ ਸਮਾਨ ਹੈ, ਜਿਸ ਵਿਚ ਦੁਨਿਆਵੀ ਝਮੇਲਿਆਂ ਵਲੋਂ ਅਟੰਕ ਹੋਣ ਕਾਰਣ 'ਸੁਖ ਨੀਂਦ' ਦੀ ਹਾਲਤ ਹੈ ਜਿਸ ਬਾਰੇ ਫਰੀਦ ਜੀ ਨੇ ਵੀ ਕਿਹਾ ਸੀ, 'ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ' ਪਰੰਤੂ ਆਪ ਦਾ ਖਿਆਲ ਹੈ ਕਿ ਇਹ ਮਨੁਖਾ ਜਨਮ ਜਿਸ ਦਾ ਇਕ ਵਿਸ਼ੇਸ਼ ਗੁਣ ਸੂਝ ਦਾ ਹੋਣਾ ਹੈ ਅਤੇ ਜੋ ਬਹੁਤ ਥਾਂਈਂ ਭਰਮਣ ਪਿਛੋਂ ਮੁਸ਼ਕਲ ਨਾਲ ਮਿਲਿਆ ਹੈ :

"ਅਸਥਾਵਰ ਜੰਗਮ ਕੀਟ ਪਤੰਗਮ, ਅਨਿਕ ਜਨਮ ਕੀਏ ਬਹੁਰੰਗਾ।
ਐਸੇ ਘਰ ਹਮ ਬਹੁਤ ਬਸਾਏ, ਜਬ ਹਮ ਰਾਮ ਗਰਭ ਹੋਇ ਆਏ।" ੩੨੫

ਇਸ ਨੂੰ ਪਾ ਕੇ ਇਸ ਨੇ ਆਪਣੀ ਸੂਝ ਦੁਆਰਾ ਵੀ ਉਸੇ ਹੀ ਬੇਫਿਕਰੀ ਵਾਲੀ ਹਾਲਤ ਨੂੰ ਪੁਜਣਾ ਹੈ ਜਿਸ ਵਿਚ,

'ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ।
ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ।'੪੭੫

ਪਰੰਤੂ ਇਹ ਅਵਸਥਾ ਤਦੋਂ ਹੀ ਆਵੇਗੀ ਜਦੋਂ ਇਹ ਦੁਨੀਆਂ ਦੇ ਮਹਿਦੂਦ ਗਿਆਨ ਤੋਂ ਉਪਰ ਉਠ ਕੇ ਪ੍ਰਭੂ ਦੀ ਵਿਸ਼ਾਲਤਾ ਵਿਚ ਝਾਤੀਆਂ ਪਾਏਗਾ। ਜਦੋਂ ਇਹ ਥੋੜੇ ਪਾਣੀਆਂ ਜਾਂ ਟੋਭਿਆਂ ਦੀ ਬਜਾਏ ਗਹਿਰੇ ਤੇ ਅਥਾਹ ਸਮੁੰਦਰ ਅੰਦਰ ਟਿਕੇਗਾ :—

"ਕਬੀਰ ਥੋਰੈ ਜਲਿ ਮਾਛੁਲੀ ਝੀਵਰ ਮੇਲਿਓ ਜਾਲੁ।
ਇਹ ਟੋਘਨੈ ਨ ਛੂਟਸਹਿ ਫਿਰਿ ਕਰਿ ਸਮੁੰਦੁ ਸਮਾਲਿ।" ੧੩੬੭

ਅਜਿਹੀ ਹਾਲਤ ਵਿਚ ਹੀ ਇਸ ਨੂੰ 'ਹੀਰਾ ਹਾਥਿ ਚੜਿਆ ਨਿਰਮੋਲਕ ਛੂਟਿ ਗਈ ਸੰਸਾਰੀ'—੧੧੨੩। ਸੰਸਾਰੀ ਬੁਧ ਦੇ ਪ੍ਰਭਾਵ ਹੇਠ ਮਨੁਖ ਭਟਕਦਾ ਰਹਿੰਦਾ ਹੈ ਅਤੇ ਹਮੇਸ਼ਾ ਦੁਖ ਵਿਹਾਝਦਾ ਹੈ। ਇਸ ਦਾ ਮੋਹ ਮਾਇਆ ਅੰਦਰ ਖਚਤ ਹੋਇਆ

ਮਨ ਰੇਤ ਦੇ ਮੰਦਰ ਉਸਾਰਦਾ ਰਹਿੰਦਾ ਹੈ। ਪਰੰਤੂ ਜਦੋਂ ਇਸ ਨੂੰ ਗਿਆਨ ਹੋ ਜਾਂਦਾ ਹੈ ਤਾਂ ਇਸ ਦੇ ਮਨ ਉਤੇ ਚੜ੍ਹੇ ਭਰਮਾਂ ਦੇ ਤਊੜ ਕਟੇ ਜਾਂਦੇ। ਇਹ ਅਸੀਲਤ ਨੂੰ ਅਨੁਭਵ ਕਰ ਲੈਂਦਾ ਹੈ, ਜਿਸ ਨਾਲ ਇਸ ਦੇ ਸਾਰੇ ਦੁਖ ਦੂਰ ਹੋ ਜਾਂਦੇ ਹਨ। ਕਬੀਰ ਜੀ ਇਸ ਵਿਚਾਰ ਨੂੰ ਕੁਦਰਤ ਦੇ ਇਕ ਚਿਤਰ ਅੰਦਰ ਉਲੀਕਦੇ ਹੋਏ ਕਹਿੰਦੇ ਹਨ ਕਿ ਜਿਸ ਤਰ੍ਹਾਂ ਸਖਤ ਹਨੇਰੀ ਦੇ ਚਲ ਪੈਣ ਨਾਲ ਮਾੜੇ ਮੋਟੇ ਛਪਰ ਢਹਿ ਜਾਂਦੇ ਹਨ ਅਤੇ ਹਨੇਰੀ ਪਿਛੋਂ ਮੀਂਹ ਵਸ ਜਾਣ ਨਾਲ ਪੂਰਨ ਸ਼ਾਂਤੀ ਤੇ ਅਨੰਦ ਛਾ ਜਾਂਦਾ ਹੈ। ਇਸੇ ਤਰ੍ਹਾਂ ਗਿਆਨ ਭਰਮਾਂ ਅਤੇ ਦੂਜੇ ਭਾਵ ਦੇ ਛਪਰਾਂ ਨੂੰ ਉਡਾ ਲੈ ਜਾਂਦਾ ਹੈ ਜਿਸ ਪਿਛੋਂ ਨਾਮ ਰੂਪੀ ਅੰਮ੍ਰਿਤ ਮਨ ਉਤੇ ਸਹਿਜ ਅਨੰਦ ਦਾ ਪ੍ਰਭਾਵ ਪਾਉਂਦਾ ਹੈ :

"ਦੇਖੌ ਭਾਈ ਗਿਆਨ ਕੀ ਆਈ ਆਂਧੀ,
ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ।
ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ।
ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ।
ਆਂਧੀ ਪਾਛੇ ਜੋ ਜਲ ਬਰਖੈ ਤਿਹਿ ਤੇਰਾ ਜਨੁ ਭੀਨਾ।

ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ।" ੩੩੧

ਇਸ ਸ਼ਬਦ ਵਿਚ ਕਬੀਰ ਜੀ ਕੁਦਰਤ ਅੰਦਰ ਤੱਕੇ ਤਿੰਨ ਵਖੋ ਵਖ ਦ੍ਰਿਸ਼ਾਂ ਨੂੰ ਚਿਤਰਦੇ ਹੋਏ ਇਨ੍ਹਾਂ ਨੂੰ ਤਿੰਨ ਸੂਖਮ ਆਤਮਕ ਵਿਚਾਰਾਂ ਦੀ ਤੁਲਨਾ ਦੇਂਦੇ ਹਨ। ਹਨੇਰੀ ਦੀ ਤਿਖੀ ਹਵਾ ਅਗੇ ਕਖਾਂ ਕੰਡਿਆਂ ਦਾ ਉਡ ਜਾਣਾ, ਉਪਰੰਤ ਵਰਖਾ ਦੀ ਬੂੰਦਾ ਬਾਂਦੀ ਨਾਲ ਸਾਰੇ ਵਾਯੂ ਮੰਡਲ ਦਾ ਭਿੰਨਾ ਤੇ ਠੰਡਾ ਠਾਰ ਹੋ ਜਾਣਾ ਅਤੇ ਤੀਜੇ ਬਦਲਾਂ ਦਾ ਉਡ ਪੁਡ ਜਾਣਾ ਅਤੇ ਨਿੰਬਲ ਨੀਲਗੂੰ ਆਕਾਸ ਅੰਦਰ ਸੂਰਜ ਦਾ ਉਦੇ ਹੋ ਚਮਕਣਾ। ਇਨ੍ਹਾਂ ਦ੍ਰਿਸ਼ਾਂ ਦੇ ਮੁਕਾਬਲੇ ਵਿਚ ਗਿਆਨ ਦੀ ਹਨੇਰੀ ਅਗੇ ਮਨ ਦੇ ਭਰਮਾਂ ਤੇ ਸਹਿਸਿਆ ਦਾ ਉਡਨਾ ਉਪਰੰਤ ਪ੍ਰਭੂ ਦੇ ਵਿਸ਼ਾਲ ਗਿਆਨ ਤੋਂ ਉਸ ਦੀ ਵਿਚਿਤ੍ਰਤਾ ਦਾ ਪ੍ਰਭਾਵ ਅਤੇ ਮਨ ਦਾ ਉਸ ਦੀ ਸਿਫਤ ਸਾਲਾਹ ਵਿਚ ਪਰੁਚਨਾ ਅਤੇ ਤੀਸਰੇ ਨਿਰਮਲ ਹੋਏ ਮਨ ਉਤੇ ਪ੍ਰਭੂ ਦੇ ਅਦਭੁਤ ਜਲਵੇ ਦਾ ਪ੍ਰਕਾਸ ਹਨੇਰੀ ਪਿਛੋਂ ਮੀਂਹ ਤੇ ਫਿਰ ਸੂਰਜ ਦਾ ਚਮਕਣਾ ਕੁਦਰਤ ਦਾ ਕਿਤਨਾ ਸੁੰਦਰ ਚਿੱਤਰ ਹੈ ਪਰੰਤੂ ਇਹ ਸਭ ਕੁਝ ਆਪ ਦੇ ਸੂਖਮ ਅਧਿਆਤਮਕ ਵਿਚਾਰਾਂ ਨੂੰ ਟੁੰਬਨ ਲਈ ਹੈ। ਜਿਨ੍ਹਾਂ ਵਿਚਾਰਾਂ ਨੇ ਆਪ ਨੂੰ ਪ੍ਰਤੱਖ ਕੁਦਰਤ ਤੋਂ ਕਾਦਰ ਨਾਲ ਜੋੜ ਦਿਤਾ ਹੈ। ਕੁਦਰਤ ਕਾਦਰ ਦਾ ਹੀ ਤਾਂ ਵਿਕਾਸ਼ ਹੈ। ਬਸੰਤ ਰੁਤੇ ਸਾਰੀ ਧਰਤ ਉਤੇ ਬਨਸਪਤੀ ਦਾ ਮਉਲਨਾ ਅਤੇ ਆਕਾਸ਼ ਦਾ ਨਿਰਮਲ ਨਿਖਰਿਆ ਹੋਣਾ ਕਬੀਰ ਜੀ ਨੂੰ ਸਦੀਵ ਕਾਲ ਮਉਲ ਰਹੀ ਪ੍ਰਭੂ ਦੀ ਜੋਤ ਦਾ ਪ੍ਰਕਾਸ਼ ਦਰਸਾ ਰਹਿਆ ਹੈ, ਜੋ ਪ੍ਰਕਾਸ਼ ਘਟ ਘਟ ਅਤੇ ਜ਼ੱਰੇ ਜ਼ੱਰੇ ਵਿਚੋਂ ਝਾਤੀਆਂ ਪਾਉਂਦਾ ਪ੍ਰਤੀਤ ਹੁਦਾ ਹੈ :

"ਮਉਲੀ ਧਰਤੀ ਮਉਲਿਆ ਅਕਾਸ਼,
ਘਟਿ ਘਟਿ ਮਉਲਿਆ ਆਤਮ ਪ੍ਰਗਾਸੁ।

ਰਾਜਾ ਰਾਮ ਮਉਲਿਆ ਅਨਤ ਭਾਇ,
ਜਹ ਦੇਖਉ ਤਹ ਰਹਿਆ ਸਮਾਇ।'' ੧੧੯੩

ਇਸੇ ਪ੍ਰਕਾਰ ਅਕਾਸ ਵਿਚ ਝਮਕਦੇ ਤਾਰੇ ਅਤੇ ਸੂਰਜ ਚੰਦ ਆਪ ਦਾ ਧਿਆਨ ਇਨ੍ਹਾਂ ਦੇ ਰਚਨਹਾਰ ਵਿਚ ਜੋੜ ਦੇਂਦੇ ਹਨ :

''ਓਇ ਜੁ ਦੀਸਹਿ ਅੰਬਰ ਤਾਰੇ,
ਕਿਨਿ ਓਇ ਚੀਤੇ ਚੀਤਨਹਾਰੇ ॥
ਕਹੁ ਰੇ ਪੰਡਿਤ ਅੰਬਰੁ ਕਾ ਸਿਉ ਲਾਗਾ, ਬੂਝੈ ਬੂਝਨਹਾਰ ਸਭਾਗਾ ॥
ਸੂਰਜ ਚੰਦੁ ਕਰਹਿ ਉਜੀਆਰਾ,
ਸਭ ਮਹਿ ਪਸਰਿਆ ਬ੍ਰਹਮ ਪਸਾਰਾ ॥'' ੩੨੯

ਸਮੁੰਦਰ ਦੇ ਵਿਸ਼ਾਲ ਪਾਣੀਆਂ ਵਿਚੋਂ ਉਛਾਲ ਸੁਟਿਆ । ਸੰਖ ਆਪਣੇ ਵਿਛੋੜੇ ਦੀ ਪੁਕਾਰ ਹਰ ਚੜ੍ਹਦੇ ਸੂਰਜ ਠਾਕਰ ਦੁਆਰਿਆਂ ਤੋਂ ਦੇ ਰਹਿਆ ਹੈ। ਕਬੀਰ ਨੂੰ ਸੰਖ ਪੂਰਣ ਦੀ ਆਵਾਜ਼ ਉਸ ਦੇ ਵਿਛੋੜੇ ਦੀ ਹੂਕ ਪ੍ਰਤੀਤ ਹੁੰਦੀ ਹੈ ਅਤੇ ਉਹ ਸੰਖ ਨੂੰ ਸੂਚਨਾ ਦੇਂਦੇ ਹਨ ਕਿ ਤੂੰ ਸਮੁੰਦਰ ਦੇ ਅੰਦਰ ਹੀ ਪਇਆ ਰਹਿੰਦਾ ਤਾਂ ਰੋਜ਼ ਢਾਹਾਂ ਮਾਰ ਮਾਰ ਤਾਂ ਨਾ ਰੋਂਦਾ, ਇਸੇ ਤਰ੍ਹਾਂ ਜੀਵ ਹਰੀ ਤੋਂ ਵਿਛੜ ਕੇ ਦੁਖੀ ਹੁੰਦਾ ਤੇ ਰੋਂਦਾ ਹੈ :

''ਕਬੀਰ ਰੈਨਾਇਰ ਬਿਛੋਰਿਆ ਰਹੁ ਰੇ ਸੰਖ ਮਝੂਰਿ ॥
ਦੇਵਲ ਦੇਵਲ ਧਾਹੜੀ ਦੇ ਸਹਿ ਉਠਾਵਤ ਸੂਰ ॥'' ੧੩੭੧

ਕਬੀਰ ਜੀ ਦੇ ਗਿਆਨ ਭੰਡਾਰੇ ਅੰਦਰ ਉਦਾਹਰਣਾਂ ਦਾ ਖਜ਼ਾਨਾ ਇਤਨਾ ਭਰਪੂਰ ਹੈ ਕਿ ਆਪ ਦੇ ਵਿਚਾਰਾਂ ਨੂੰ ਦ੍ਰਿਸਟਾਉਣ ਲਈ ਕੋਈ ਨਾ ਕੋਈ ਉਦਾਹਰਣ ਪਹਿਲੋਂ ਹੀ ਘੜ ਕੇ ਧਰਿਆ ਜਾਪਦਾ ਹੈ। ਉਦਾਹਰਣ ਵੀ ਐਸੇ ਢੁਕਵੇਂ ਕਿ ਦ੍ਰਿਸ਼ਟਾਂਤ ਅੰਦਰ ਦ੍ਰਿਸ਼ਟਾਂਤ ਪੂਰੀ ਤਰ੍ਹਾਂ ਨੰਗਾ ਕੀਤਾ ਪਇਆ ਹੈ। ਸਿਰਜਨਹਾਰ ਹਰੀ ਪੰਜ ਤਤਾਂ ਤੋਂ ਭਾਂਤ ਭਾਂਤ ਦੇ ਜੀਵਾਂ ਨੂੰ ਇਉਂ ਘੜਦਾ ਜਾ ਰਹਿਆ ਹੈ ਜਿਵੇਂ ਘੁਮਿਆਰ ਇਕਲੇ ਮਿਟੀ ਤੋਂ ਤਰ੍ਹਾਂ ਤਰ੍ਹਾਂ ਦੇ ਭਾਂਡੇ ਘੜਦਾ ਹੈ :

''ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥'' ੧੩੫੦

ਮਨੁਖਾ ਜਨਮ ਅਜਾਈਂ ਚਲਾ ਜਾਏ ਤਾਂ ਇਸ ਦਾ ਮੁੜ ਕੇ ਮਿਲ ਸਕਨਾ ਇਤਨਾ ਦੁਰਲਭ ਹੈ, 'ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗੈ ਡਾਰ।'' ੧੩੬੬ ਮਨਮਖ ਆਦਮੀ ਦੀ ਰੁਚੀ ਹਰੀ ਨਾਮ ਨੂੰ ਛਡ ਕੇ ਵਿਸ਼ੇ ਵਿਕਾਰਾਂ ਵਲ ਇਉਂ ਦੌੜਦੀ ਹੈ ਜਿਸ ਤਰ੍ਹਾਂ ਮਖੀ ਦੁਰਗੰਧ ਵਲ :

''ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ ॥'' ੧੩੬੮

ਹਰੀ ਦੇ ਮੇਲ ਦੇ ਸੁਆਦ ਨੂੰ ਉਹੋ ਜਾਣਦੇ ਹਨ ਜਿਨ੍ਹਾਂ ਸੁਆਦ ਮਾਣਿਆ ਹੈ ਜਿਵੇਂ "ਅਲਉ ਭੀ ਕਾ ਜੈਸੇ ਭਇਆ ਬਰੇਡਾ ਜਿਨਿ ਪੀਆ ਤਿਨਿ ਜਾਨਿਆ ।" ੩ ੩ ਮਾਇਆ ਦੇ ਲੋਭ ਵਿਚ ਫਸਿਆ ਆਦਮੀ ਦਰ ਦਰ ਖੁਆਰ ਹੁੰਦਾ ਹੈ ਪਰੰਤੂ ਲਾਲਚ ਨਹੀਂ ਛਡਦਾ । ਜਿਸ ਤਰ੍ਹਾਂ ਬਾਂਦਰ ਛੋਲਿਆਂ ਦੀ ਭਰੀ ਮੁਠ ਨਹੀਂ ਛਡਦਾ :

"ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ ॥
ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ । ੩੩੬

ਸਾਕਤ ਪੁਰਸ਼ ਐਸਾ ਹੈ 'ਜੈਸੀ ਲਸਨ ਕੀ ਖਾਨ' ਅਤੇ ਅਜਿਹੇ ਆਦਮੀ ਦੀ ਸੰਗਤ ਕਰਨੀ ਇਉਂ ਦੁਖਦਾਈ ਹੈ :

"ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥
ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥ ੧੩੬੯

ਅਤੇ 'ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ, ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੋ ਦਾਗ ।' ੧੩੭੧ । ਇਕ ਜਗਾ ਆਪ ਮਨੁਖੀ ਜੀਵਨ ਦੇ ਅਵਸਰ ਨੂੰ ਕਰਜ਼ੇ ਨਾਲ ਤੁਲਨਾ ਦੇਂਦੇ ਹੋਏ ਕਹਿੰਦੇ ਹਨ ਕਿ ਰਬ ਨੇ ਮਨੁਖਾ ਜੀਵਨ ਰੂਪੀ ਰਾਸ ਦੇ ਕੇ ਇਸ ਪਾਸੋਂ ਇਕ ਟੋਂਬੂ ਲਿਖਵਾ ਲਇਆ ਸੀ ਕਿ ਇਹ ਜੀਵ ਇਸ ਰਾਸ ਨੂੰ ਯੋਗ ਤਰੀਕੇ ਨਾਲ ਖਰਚ ਕੇ ਲਾਹਾ ਖਟੇਗਾ ਅਤੇ ਜਦੋਂ ਇਹ ਰਬ ਪਾਸ ਵਾਪਸ ਜਾਏਗਾ ਤਾਂ ਕੀਤੀ ਕਮਾਈ ਰੂਪੀ ਲਾਹਾ ਉਸ ਦੇ ਅਗੇ ਰਖੇਗਾ । ਇਹ ਟੋਂਬੂ ਲਿਖ ਕੇ ਇਹ ਜੀਵ ਇਸ ਸੰਸਾਰ ਤੇ ਆਇਆ ਹੈ ਪਰੰਤੂ ਇਥੇ ਆ ਕੇ ਲਾਹਾ ਖਟਨਾ ਤਾਂ ਇਹ ਭੁੱਲ ਹੀ ਗਇਆ ਹੈ ਉਹ ਲਾਹਾ ਸੀ : "ਭਜਹੁ ਗੋਬਿੰਦ ਭੂਲਿ ਮਤ ਜਾਹੁ, ਮਾਨਸ ਜਨਮ ਕਾ ਏਹੀ ਲਾਹੁ" ਅਤੇ ਜਦੋਂ ਕੋਈ ਇਸ ਨੂੰ ਇਸ ਦਾ ਚੇਤਾ ਕਰਾਉਂਦਾ ਵੀ ਹੈ ਤਾਂ ਇਹ ਆਲੇ ਟੋਲੇ ਕਰਦਾ ਤੇ ਕਹਿੰਦਾ ਹੈ ਕਿ ਮੈਂ ਅਜ ਕਲ ਹੀ ਇਧਰ ਧਿਆਨ ਦੇਵਾਂਗਾ । ਅਤੇ ਇਹ ਸਮਾਂ ਮਾੜੇ ਕੰਮਾਂ ਵਿਚ ਲਗਾ ਉਹਨਾਂ ਦੇ ਮੇਲ ਨਾਲ ਅਪਨੇ ਆਪ ਨੂੰ ਭਾਰਾ ਕਰਦਾ ਜਾਂਦਾ ਹੈ । ਇਸ ਤਰ੍ਹਾਂ ਲਾਹਾ ਖਟਣ ਦੀ ਬਜਾਏ ਆਪਣੇ ਉਲਟ ਵਿਆਜ ਦੀ ਰਕਮ ਵਧਾਈ ਜਾ ਰਹਿਆ ਹੈ । ਭਲਾ, ਜੇ ਇਸ ਨੇ ਲਾਹਾ ਖਟਣ ਵਾਲੀ ਕੋਈ ਗੱਲ ਨਹੀਂ ਕੀਤੀ ਸੀ ਤਾਂ ਕਿਸੇ ਵਿਚੋਲੇ ਗੁਰੂ ਰਾਹੀਂ ਇਹ ਰੱਬ ਨੂੰ ਲਿਖ ਕੇ ਦਿਤਾ ਟੋਂਬੂ ਹੀ ਪੜਵਾ ਲੈਂਦਾ ਤਦ ਭੀ ਇਸ ਦੀ ਰਹਿ ਆਉਂਦੀ ਅਤੇ ਇਹ ਕੀਤੇ ਇਕਰਾਰ ਦੇ ਬੰਧਨਾਂ ਤੋਂ ਬਚ ਜਾਂਦਾ, ਪਰ ਇਸ ਨੇ ਤਾਂ ਰਾਸ ਲੈ ਕੇ ਨਾ ਇਸ ਤੋਂ ਕੋਈ ਲਾਹਾ ਹੀ ਖਟਿਆ ਸਗੋਂ ਬਿਆਜ ਵਾਧੇ ਦੀ ਲਗ ਗਈ ਅਤੇ ਉਧਰੋਂ ਸਮਾਂ ਮੁਕ ਚਲਿਆ ਹੈ ਅਤੇ ਮੌਤ ਸਿਰ ਤੇ ਆ ਖੜੀ ਹੈ ਇਸ ਦਾ ਕੀ ਬਣੇਗਾ । ਇਸ ਸਾਰੇ ਖਿਆਲ ਨੂੰ ਦੋ ਤੁਕਾਂ ਦੇ ਸਲੋਕ ਅੰਦਰ ਕਿਤਨਾ ਸੁੰਦਰ ਗੁੰਦਿਆ ਹੈ :

ਕਬੀਰ ਟਾਲੈ ਟੋਲੈ ਦਿਨੁ ਗਇਆ ਬਿਆਜ ਬਢੰਤਉ ਜਾਇ ॥
ਨ ਹਰਿ ਭਜਿਓ ਨ ਖਤੁ ਫਟਿਓ ਕਾਲੁ ਪਹੂੰਚੋ ਆਇ ॥" ੧੩੭੫

ਅਤੇ ਫਿਰ ਆਖਦੇ ਹਨ :

"ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਣ ਕਰੈ ॥
ਕਾਹੇ ਕੀ ਕੁਸਲਾਤ ਹਾਥ ਦੀਪ ਕੂਏ ਪਰੈ ॥" ੧੩੭੬

ਇਸ ਨੂੰ ਕਿਸੇ ਦਾ ਕਹਿਆ ਭੀ ਨਹੀਂ ਪੋਂਹਦਾ : 'ਅੰਧੇ ਏਕ ਨਾ ਲਾਗਈ ਜਿਉਂ ਬਾਂਸੁ ਬਜਾਈਐ ਫੂਕ ।"—੧੩੭੨ । ਇਸ ਤਰ੍ਹਾਂ ਨਾਲ ਵਿਚਾਰਾਂ ਦੀ ਸਪਸ਼ਟਤਾ ਹਿਤ ਭਾਂਤ ਭਾਂਤ ਦੇ ਦ੍ਰਿਸ਼ਟਾਂਤਾਂ ਤੇ ਅਲੰਕਾਰਾਂ ਦੀ ਵਰਤੋਂ ਆਪ ਦੀ ਕਲਾ ਅੰਦਰ ਕਮਾਲ ਦੀ ਰੋਚਕਤਾ ਪੈਦਾ ਕਰਨ ਤੋਂ ਇਲਾਵਾ ਆਪ ਦੇ ਵਿਸ਼ਾਲ ਜੀਵਨ ਤਜਰਬੇ ਦੀ ਲਖਾਇਕ ਹੈ ।

ਰੂਪਕ ਪੱਖ ਤੋਂ ਕਬੀਰ ਜੀ ਦੀ ਰਚਨਾ ਦੀ ਸੁੰਦਰਤਾ ਦੇ ਹੋਰ ਕਾਰਣ ਸਰੋਦੀ ਸ਼ਬਦ ਚੋਣ ਅਤੇ ਇਹਨਾਂ ਦੀ ਸੰਗੀਤਕ ਲੈਅ ਅੰਦਰ ਕੀਤੀ ਠੁਕਵੀਂ ਗੋਂਦ ਹੈ । ਅਤਿ ਸੂਝਵਾਨ ਢੋਲਚੀ ਦੇ ਢੋਲ ਨੂੰ ਰਸੀਲੀ ਲੈਅ ਅਤੇ ਪੂਰੇ ਵਜ਼ਨ ਤੋਲ ਅੰਦਰ ਲਗਾਏ ਡਗਿਆਂ ਵਾਂਙੂ ਇਹ ਸ਼ਬਦ ਆਪ ਦੀ ਰਸਨਾ ਤੋਂ ਨਿਕਲ ਕੇ ਸ੍ਰੋਤੇ ਦੀ ਸੁਰਤ ਨੂੰ ਆਪਣੇ ਵਿਚ ਬੰਨ੍ਹਦੇ ਤੁਰੇ ਜਾਂਦੇ ਹਨ । ਮੌਤ ਦੀ ਭਿਆਨਕਤਾ ਦਰਸਾਉਣ ਵਾਲੇ ਚਿਤਰ ਵੀ ਜਿਨ੍ਹਾਂ ਨੂੰ ਅਕਸਰ ਭੁਲ ਜਾਣ ਵਿਚ ਹੀ ਮਨੁਖ ਸੁਖ ਪ੍ਰਤੀਤ ਕਰਦਾ ਹੈ, ਸੁਆਦਲੇ ਲਗਦੇ ਹਨ ਅਤੇ ਇਸ ਤਰ੍ਹਾਂ ਇਨ੍ਹਾਂ ਵਿਚ ਟਿਕੀ ਸੁਰਤ ਰਚਨਾ ਕਰਤਾ ਦੇ ਖਿਆਲਾਂ ਤੇ ਭਾਵਾਂ ਨੂੰ ਵਧੇਰੇ ਕਬੂਲਦੀ ਹੈ ਜੋ ਇਕ ਅਤਿ ਉਚੇ ਪਾਏ ਦੇ ਸਾਹਿੱਤ ਦੀ ਨਿਸ਼ਾਨੀ ਹੁੰਦੀ ਹੈ :

"ਚਾਰਿ ਦਿਨ ਅਪਣੀ ਨਉਬਤਿ ਚਲੇ ਬਜਾਇ ॥
ਇਤਨਕੁ ਖਟੀਆ ਗਠੀਆ ਮਟੀਆ ਸੰਗਿ ਨ ਕਛੁ ਲੈ ਜਾਇ ॥
ਦਿਹਰੀ ਬੈਠੀ ਮਿਹਰੀ ਰੋਵੈ ਦੁਆਰੈ ਲਉ ਸੰਗ ਮਾਇ ॥
ਮਰਹਟ ਲਗਿ ਸਭੁ ਲੋਗੁ ਕੁਟੰਬੁ ਮਿਲਿ ਹੰਸੁ ਇਕੇਲਾ ਜਾਇ ॥
ਵੈ ਸੁਤ ਵੈ ਬਿਤ ਵੈ ਪੁਰ ਪਾਟਨ ਬਹੁਰਿ ਨ ਦੇਖੈ ਆਇ ॥
ਕਹਤੁ ਕਬੀਰੁ ਰਾਮ ਕੀ ਨ ਸਿਮਰਹੁ ਜਨਮੁ ਅਕਾਰਥ ਜਾਇ ॥"—੧੧੨੪

ਇਸੇ ਪਖ ਤੋਂ ਆਪ ਦੇ ਸ਼ਬਦ 'ਕਿਉ ਲੀਜੈ ਗਢੁ ਬੰਕਾ ਭਾਈ, ਦੋਵਰ ਕੋਟ ਅਰੁ ਤੇਵਰ ਖਾਈ ।'—੧੧੬੩ । ਅਤੇ 'ਟਿਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ'—੪੭੬ ਵੇਖਣ ਯੋਗ ਹਨ । ਪਿਆਰ ਚਿਤਰ ਖਿਚਣ ਵਿਚ ਭੀ ਆਪ ਕਮਾਲੀਅਤ ਨੂੰ ਹਥ ਲਾਉਂਦੇ ਹਨ । ਇਕ ਬ੍ਰਿਹੋਂ ਕੁਠੀ ਦੇ ਅਲੰਕਾਰ ਵਿਚ ਪਾ ਕੇ ਆਪ ਰਾਮ ਨੂੰ ਮਿਲਨ ਦਾ ਤਰਲਾ ਇਉਂ ਲੈਂਦੇ ਹਨ :

"ਪੰਥੁ ਨਿਹਾਰੈ ਕਾਮਨੀ ਲੋਚਨ ਭਰੀਲੇ ਉਸਾਸਾ ॥
ਉਰ ਨ ਭੀਜੈ ਪਗੁ ਨ ਖਿਸੈ ਹਰਿ ਦਰਸਨ ਦੀ ਆਸਾ ॥
ਉਡਹੁ ਨ ਕਾਗਾ ਕਾਰੇ, ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥"—੩੩੮

ਇਸਤ੍ਰੀ ਰੂਪ ਵਿਚ ਅਪਣੇ ਪਤੀ ਪ੍ਰਮੇਸ਼ਰ ਨਾਲ ਅਪਨਾ ਸਬੰਧ ਇਉਂ ਦਸਦੇ ਹਨ :

"ਕੀਓ ਸ਼ਿੰਗਾਰੁ ਮਿਲਨ ਕੇ ਤਾਈ, ਹਰਿ ਨ ਮਿਲੇ ਜਗਜੀਵਨ ਗੁਸਾਈ ॥
ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ, ਰਾਮ ਬਡੇ ਮੈਂ ਤਨਕ ਲਹੁਰੀਆ।
ਧਨ ਪਿਰ ਏਕੈ ਸੰਗਿ ਬਸੇਰਾ, ਸੇਜ ਏਕ ਪੈ ਮਿਲਨੁ ਦੁਹੇਰਾ ॥

ਧੰਨਿ ਸੁਹਾਗਨਿ ਜੋ ਪੀਅ ਭਾਵੈ, ਕਹਿ ਕਬੀਰ ਫਿਰਿ ਜਨਮਿ ਨ ਆਵੈ ।।੪੮੩

ਅਤੇ ਭਾਵੇਂ ਪਿਆਰੇ ਨਾਲ ਪ੍ਰੀਤ ਲਾਉਣ ਤੋਂ ਲੋਕ ਵਰਜਦੇ ਹਨ ਪਰ ਮੇਰੀ ਉਸ ਨਾਲੋਂ ਟੁਟਿਆਂ ਰਹਿ ਨਹੀਂ ਆਉਂਦੀ :

'ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ ਬਰਜੈ ਲੋਗੁ ਅਜਾਨੁ ॥
ਤਾ ਸਿਉ ਟੂਟੀ ਕਿਉ ਬਨੈ ਜਾ ਕੇ ਜੀਅ ਪਰਾਨ ।।"–੧੩੭੭

ਅਤੇ ਕਹਿੰਦੇ ਹਨ ਕਿ ਜੇ ਪ੍ਰੀਤ ਕਰਨੀ ਹੈ ਤਾਂ ਅਜਿਹੀ ਪ੍ਰੀਤ ਕਰੋ : 'ਕਬੀਰ ਜੋ ਤੁਹਿ ਸਾਧ ਪਿਰੰ। ਕੀ ਸੀਸੁ ਕਾਟਿ ਕਰ ਗੋਇ। ਖੇਲਤ ਖੇਲਤ ਹਾਲ ਕਰਿ ਜੋ ਕਿਛੁ ਹੋਇ ਤ ਹੋਇ ।"—੧੩੭੭ ।

ਆਪਣੀ ਪ੍ਰੀਤ ਮਸਤੀ ਨੂੰ ਇਉਂ ਦਸਦੇ ਹਨ ਕਿ ਜਦੋਂ ਦਾ ਮੈਂ ਇਹ ਰਸ ਚਖਿਆ ਹੈ ਬਜਾਏ ਬੇਹੋਸ਼ੀ ਦੇ ਮੈਨੂੰ ਤਿੰਨਾਂ ਭਵਨਾਂ ਦਾ ਚਾਨਣ ਹੋ ਗਇਆ ਹੈ ।

"ਅਉਧੂ ਮੇਰਾ ਮਨੁ ਮਤਵਾਰਾ,
ਉਨਮਨ ਚਢਾ ਮਦਨ ਰਸੁ ਚਾਖਿਆ ਤ੍ਰਿਭਵਨ ਭਇਆ ਉਜਿਆਰਾ ।"੯੬੯

ਪੁਨਾ: "ਇਹੁ ਮਨੁ ਲੇ ਜਉ ਉਨਮਨਿ ਰਹੈ,
ਤਉ ਤੀਨਿ ਲੋਕ ਕੀ ਬਾਤੈ ਕਹੈ ।"–੩੪੨

ਪਰੰਤੂ ਇਸ ਉਨਮਨ ਦਸ਼ਾ ਦੀ ਪ੍ਰਾਪਤੀ ਲਈ ਸਮੁਚੇ ਮਾਇਕ ਰਸਾਂ ਵਲੋਂ ਮਨ ਨੂੰ ਬੇਰਸ ਕਰਨ ਦੀ ਲੋੜ ਹੈ :

"ਚਾਰਾ ਰਸੁ ਨਿਰਸ ਕਰ ਜਾਨਿਆ, ਹੋਇ ਨਿਰਸ ਸੁ ਰਸੁ ਪਹਿਚਾਨਿਆ ।
ਇਹ ਰਸੁ ਛਾਡੇ ਉਹ ਰਸੁ ਆਵਾ,
ਉਹ ਰਸੁ ਪੀਆ ਇਹ ਰਸ ਨਹੀ ਭਾਵਾ ।"–੩੪੨

ਇਹ ਮਨ ਦਾ ਦੋ ਪਹਿਲੂਆ ਘੋਲ ਹੈ, ਇਕ ਵੰਨੇ ਦੁਨਿਆਵੀ ਸੁਆਦਾਂ ਤੋਂ ਉਪਰ ਉਠਨਾ ਹੈ ਤੇ ਦੂਜੇ ਪਾਸੇ ਮਨ ਦੇ ਪਿਆਰ ਰਾਹੀਂ ਸਚ ਦੇ ਰਸ ਅੰਦਰ ਖੀਵਾ ਹੋਣਾ ਹੈ :

"ਲਲਾ ਐਸੇ ਲਿਵ ਮਨੁ ਲਾਵੈ, ਅਨਤ ਨ ਜਾਇ ਪਰਮ ਸਚੁ ਪਾਵੈ ॥
ਅਰ ਜਉ ਤਹਾ ਪ੍ਰੇਮ ਲਿਵ ਲਾਵੈ,
ਤਉ ਅਲਹੁ ਲਹੈ ਲਹਿ ਚਰਨ ਸਮਾਵੈ ।"—੩੪੨

ਇਸ ਰਸ ਅੰਦਰ ਖੀਵਾ ਹੋਣ ਦਾ ਸਾਧਨ ਆਪ ਇਉਂ ਦਸਦੇ ਹਨ :

"ਵਵਾ ਬਾਰ ਬਾਰ ਬਿਸਨ ਸਮਾਰਿ,
ਬਿਸਨ ਸੰਮਾਰਿ ਨਾ ਆਵੈ ਹਾਰਿ ॥"—੩੪੨

ਮਨ ਦੀ ਇਸ ਦੋਵੱਲੀ ਘਾਲ ਨੂੰ ਇਕ ਹੋਰ ਜਗਾ ਦੋ ਤੁਕਾਂ ਅੰਦਰ ਆਪ ਇਸ ਤਰ੍ਹਾਂ ਕਥਦੇ ਹਨ :

"ਪ੍ਰੀਤਿ ਬਿਨਾ ਜੈਸੇ ਬਧੇ ਸਨੇਹੁ,
ਜਬ ਲਗ ਰਸੁ ਤਬ ਲਗ ਨਹੀਂ ਨੇਹੁ ॥"— ੨੮

ਇਹੋ ਕਾਰਣ ਹੈ ਕਿ ਕਬੀਰ ਦੀ ਰਚਨਾ ਅੰਦਰ ਦੁਨਿਆਵੀ ਰਸਾਂ ਦੇ ਤਿਆਗ ਲਈ ਵਾਰ ਵਾਰ ਸੂਚਨਾ ਦਿਤੀ ਹੈ ਅਤੇ ਤਿਆਗ ਦ੍ਰਿੜ ਕਰਾਉਣ ਲਈ ਇਨ੍ਹਾਂ ਰਸਾਂ ਦੇ ਖਿਨ ਭੰਗਰ ਅਤੇ ਨਾਸਵੰਤ ਹੋਣ ਦੇ ਖਿਆਲ ਨੂੰ ਮੁੜ ਮੁੜ ਸਾਹਮਣੇ ਲਿਆਂਦਾ ਹੈ। ਪਰੰਤੂ ਇਨ੍ਹਾਂ ਦਾ ਤਿਆਗ ਘਰ ਬਾਹਰ ਛਡ ਜਾਣ ਤੋਂ ਨਹੀਂ ਆਉਂਦਾ ਕਿਉਂਕਿ :

"ਗ੍ਰਿਹਿ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ॥
ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ॥"—੮੫੫

ਅਤੇ "ਬਨਹਿ ਬਸੇ ਕਿਉ ਪਾਈਐ ਜਉ ਲਉ ਮਨਹੁ ਨ ਤਜਹਿ ਬਿਕਾਰ ॥
ਜਿਹ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ ॥"—੧੧੦੩

ਬਲਕਿ ਇਨ੍ਹਾਂ ਰਸਾਂ ਦਾ ਤਿਆਗ 'ਅੰਤ ਤਉ ਮਰਨਾ' ਦ੍ਰਿੜ ਹੋ ਜਾਣ ਵਿਚ ਹੈ। ਕਬੀਰ ਜੀ ਇਸ ਖਿਆਲ ਦੀ ਦ੍ਰਿੜ੍ਹਤਾ ਇਕ ਅਲੰਕਾਰ ਦੁਆਰਾ ਇਸ ਤਰ੍ਹਾਂ ਕਰਾਉਂਦੇ ਹਨ : ਇਹ ਸਰੀਰ ਇਕ ਪਿੰਡ ਦੀ ਨਿਆਈਂ ਹੈ, ਜਿਸ ਦਾ ਮਾਲਕ ਤਾਂ ਜੀਵ-ਆਤਮਾ ਹੈ ਪਰੰਤੂ ਪਜ ਗਿਆਨ ਇੰਦਰੇ ਇਸ ਪਿੰਡ ਵਿਚ ਬਤੌਰ ਕਿਸਾਨ ਆਬਾਦ ਹਨ, ਜੋ ਪਿੰਡ ਦੇ ਮਾਲਕ ਦੇ ਕਹੇ ਤੋਂ ਬਾਹਰ ਹੋਏ ਹੋਏ ਹਨ ਅਤੇ ਸ੍ਰਕਾਰੀ ਹਾਲਾ ਭਰਨ ਤੋਂ ਇਨਕਾਰੀ ਹਨ, ਜੋ ਬਕਾਏ ਵਿਚ ਪਇਆ ਜੀਵ-ਆਤਮਾ ਦੇ ਨਾਮ ਲਿਖੀਂਦਾ ਜਾ ਰਹਿਆ ਹੈ। ਅਖੀਰ ਜਦੋਂ ਇਸ ਦਾ ਹਿਸਾਬ ਹੋਇਆ ਤਾਂ ਇਹ ਪੰਜੇ ਕਿਸਾਨ ਤਾਂ ਦੌੜ ਗਏ ਤੇ ਵਿਚਾਰੇ ਜੀਵਾਤਮਾ ਨੂੰ ਮਹਾਜਣਾਂ ਨੇ ਫੜ ਲਇਆ। ਜੀਵ ਦੀ ਇਸ ਹਾਲਤ ਦੀ ਪੁਕਾਰ ਕਬੀਰ ਜੀ ਅਤਿ ਵੈਰਾਗ ਅੰਦਰ ਆਪ ਨੇ ਮਾਲਕ ਪ੍ਰਭੂ ਅਗੇ ਕਰਦੇ ਹੋਏ ਕਹਿੰਦੇ ਹਨ ਕਿ ਇਸ ਜੀਵ ਦੇ ਨਾਮ ਲਗਦੇ ਬਕਾਏ ਦਾ ਲੇਖਾ ਇਸ ਸਰੀਰ ਦੇ ਹੁੰਦਿਆਂ ਹੁੰਦਿਆਂ ਹੀ ਨਿਬੇੜ ਲਵੋ; ਪਿਛੋਂ ਪਤਾ ਨਹੀਂ ਕੀ ਬਣੇਗਾ। ਜੋ ਕਮਾਲ ਆਪ ਨੇ ਇਸ ਖਿਆਲ ਨੂੰ ਅਲੰਕਾਰਕ ਜਾਮਾ ਪਹਿਨਾਉਣ ਵਿਚ ਵਿਖਾਇਆ ਹੈ, ਉਹ ਆਪ ਦੀ ਸਾਹਿਤਕ ਕਲਾ ਦੀ ਵਿਸ਼ੇਸ਼ਤਾ ਦਰਸਾਉਂਦਾ ਹੈ :

"ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ।
ਨੈਨੂ ਨਕਟੂ ਸ੍ਰਵਨੂ ਰਸਪਤਿ ਇੰਦ੍ਰੀ ਕਹਿਆ ੨ ਮਾਨਾ।

ਬਾਬਾ ਅਬ ਨ ਬਸਉ ਇਹ ਗਾਉ ।
ਘਰੀ ਘਰੀ ਕਾ ਲੇਖਾ ਮਾਗੈ ਕਾਇਥੁ ਚੇਤੂ ਨਾਉ ।
ਧਰਮ ਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ ।
ਪੰਚ ਕ੍ਰਿਸਾਨਵਾ ਭਸੰਗ ਗਏ ਲੈ ਬਾਧਿਉ ਜੀਉ ਦਰਬਾਰੀ ।
ਕਹੈ ਕਬੀਰ ਸੁਨਹੁ ਰੇ ਸੰਤਹੁ ਖੇਤ ਹੀ ਕਰਹੁ ਨਿਬੇਰਾ ।
ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ ।"—੧੧੦੪

ਇਸੇ ਪ੍ਰਕਾਰ ਦੇ ਇਕ ਹੋਰ ਚਿਤਰ ਰਾਹੀਂ ਜੀਵ-ਆਤਮਾ ਦੀ ਦਰਦਨਾਕ ਹਾਲਤ ਦੀ ਪੁਕਾਰ ਗੁਰੂ ਪਾਸ ਕਰਦੇ ਹਨ ਜਿਸ ਨੇ ਕਿਰਪਾ ਕਰ ਕੇ ਰਖਿਆ ਕੀਤੀ ਹੈ :

"ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ ॥
ਜਿਮੀ ਨਾਹੀ ਮੈਂ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ ॥
ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ ॥
ਉਪਰਿ ਭੁਜਾ ਕਰਿ ਮੈਂ ਗੁਰ ਪਹਿ ਪੁਕਾਰਿਆ
ਤਿਨਿ ਹਉ ਲੀਆ ਉਬਾਰੀ ॥—੭੯੩

ਇਸ ਤਰ੍ਹਾਂ ਮੌਤ ਅਤੇ ਮਰਨ ਪਿਛੋਂ ਹੋਣ ਵਾਲੇ ਹਿਸਾਬ ਕਿਤਾਬ ਦੇ ਵੀਚਾਰ ਰਾਹੀਂ ਆਪ ਮਨੁਖੀ ਮਨ ਨੂੰ ਦੁਨੀਆਂ ਦੇ ਖਿਨ ਭੰਗਰ ਰਸਾਂ ਵਲੋਂ ਹੋੜਦੇ ਹਨ । ਪਰੰਤੂ ਅਜਿਹਾ ਵਿਚਾਰ ਇਸ ਨੂੰ ਢਹਿੰਦੀ ਕਲਾ ਵਿਚ ਲੈ ਜਾਂਦਾ ਹੈ, ਜੋ ਕਬੀਰ ਜੀ ਦਾ ਨਿਸ਼ਾਨਾ ਨਹੀਂ । ਢਹਿੰਦੀ ਕਲਾ ਵਿਚ ਟਿਕਾ ਦੇਣ ਵਾਲੀ ਕੋਈ ਵੀ ਸਾਹਿਤਕ ਰਚਨਾ ਉਚੇਰੀ ਕਲਾ ਹੋਣ ਦੀ ਵਡਿਆਈ ਨਹੀਂ ਮਾਣ ਸਕਦੀ ਅਤੇ ਜੇ ਕਰ ਆਪ ਦੀ ਰਚਨਾ ਮਨੁਖੀ ਮਨ ਨੂੰ ਅਜਿਹੇ ਵਹਿਣ ਵਿਚ ਰੋੜ੍ਹ ਕੇ ਉਥੇ ਹੀ ਛਡ ਦੇਂਦੀ ਤਾਂ ਇਸ ਨੂੰ ਸਾਹਿੱਤ ਦੀ ਦੁਨੀਆਂ ਵਿਚ ਉਹ ਮਾਣ ਪ੍ਰਾਪਤ ਨਾ ਹੁੰਦਾ ਜੋ ਅਜ ਇਸ ਨੂੰ ਮਿਲਿਆ ਹੋਇਆ ਹੈ। ਇਸ ਦਾ ਕਾਰਣ ਇਹੋ ਹੈ ਕਿ ਕਬੀਰ ਜੀ ਨੇ ਢਾਠ ਅੰਦਰ ਲੈ ਜਾਣ ਵਾਲੀ ਮੌਤ ਅੰਦਰ ਉਹ ਜੀਵਨ ਦਰਸਾਇਆ ਹੈ ਜਿਸ ਨੇ ਆਪ ਦੀ ਰਸਨਾ ਤੋਂ ਸੁਭਾਵਕ ਤੌਰ ਤੇ ਅਜਿਹੇ ਬਚਨ ਕਢਾਏ ਹਨ ਕਿ ਮੌਤ ਭੀ ਅਨੰਦ ਦੇਣ ਵਾਲੀ ਦਿਸ ਆਈ ਹੈ :

"ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨੁ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥"—੧੩੬੫

ਅਤੇ "ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥"—੧੩੬੭

ਉਹ ਅਨੰਦ ਇਸ ਗੱਲ ਵਿਚ ਹੈ ਕਿ ਇਹ ਪ੍ਰੀਤਮ ਦੀ ਨਜ਼ਰੇ ਚੜ੍ਹ ਜਾਏ। ਦਰ ਤੇ ਪਏ ਹੋਏ ਨੂੰ ਕਦੀ ਤਾਂ ਪ੍ਰੀਤਮ ਪੁਛ ਹੀ ਲਵੇਗਾ ਕਿ ਇਹ ਸਾਡੇ ਬਾਰ ਤੇ ਕੌਣ ਮਰਿਆ

ਪਇਆ ਹੈ। ਉਸ ਦਾ ਇਹ ਪੁਛ ਲੈਣਾ ਹੀ ਸਚੇ ਆਸ਼ਕਾਂ ਲਈ ਕਾਫੀ ਹੈ। ਕਬੀਰ ਜੀ ਪ੍ਰੀਤਮ ਦੀ ਯਾਦ ਅੰਦਰ ਵਸਣ ਦੀ ਇਉਂ ਸੂਚਨਾ ਦੇਂਦੇ ਹਨ :

'ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ।
ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੇ ਪੁਕਾਰ।''–੧੩੭੬

ਅਤੇ ਇਸ ਤਰ੍ਹਾ ਕੂਕਦਾ ਰਹੇਗਾ ਤਾਂ :

"ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂੰ ।:"–੧੩੭੫

ਮੌਤ ਦੇ ਖਿਆਲ ਵਿਚੋਂ ਡਰ ਤੇ ਢਹਿੰਦੀ ਕਲਾ ਦੀ ਅੰਸ਼ ਨੂੰ ਦੂਰ ਕਰਨ ਲਈ ਕਬੀਰ ਜੀ 'ਪੂਰਨੁ ਪਰਮਾਨੰਦੁ' ਦੀ ਪ੍ਰਾਪਤੀ 'ਮਰਨੇ ਹੀ ਤੇ ਪਾਈਐ' ਤੋਂ ਕਹਿੰਦੇ ਹਨ। ਜਦੋਂ ਮਨੁਖ ਆਪਾ ਭਾਵ ਵਲੋਂ ਮਰ ਜਾਏ ਤਾਂ ਉਸ ਲਈ ਗ਼ਮੀ ਖੁਸ਼ੀ ਤਥਾ ਮਰਨ ਜੀਉਣ ਇਕ ਸਮਾਨ ਹੋ ਜਾਂਦੇ ਹਨ ਤਾਂ ਫਿਰ ਮੌਤ ਦਾ ਡਰ ਕਿਸ ਨੂੰ ਵਾਪਰੇਗਾ। ਜਦੋਂ ਭੈ ਮੰਨਣ ਵਾਲੀ ਹੋਂਦ ਹੀ ਅਭੈ ਅੰਦਰ ਟਿਕ ਗਈ ਹੈ ਤਾਂ ਡਰੇਗਾ ਕੌਣ। ਇਸ ਵਿਚਾਰ ਨੂੰ ਆਪ ਇਕ ਹੋਰ ਜਗਾ ਇਸ ਤਰ੍ਹਾਂ ਆਖਦੇ ਹਨ :

"ਰਾਜਾ ਰਾਮ ਤੂੰ ਐਸਾ ਨਿਰਭਉ ਤਰਨ ਤਾਰਨ ਰਾਮ ਰਾਇਆ ॥
ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮਹਹੁ ਹਮ ਨਾਹੀਂ ॥
ਅਬ ਹਮ ਤੁਮ ਏਕ ਭਏ ਹਰਿ ਏਕੈ ਦੇਖਤ ਮਨੁ ਪਤਿਆਹੀ ॥
ਜਬ ਬੁਧਿ ਹੋਤੀ ਤਬ ਬਲੁ ਕੈਸਾ ਅਬ ਬੁਧਿ ਬਲੁ ਨ ਖਪਈ ॥
ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ ॥"– ੩੯

ਇਸ ਅਵਸਥਾ ਦੀ ਪ੍ਰਾਪਤੀ ਲਈ ਆਪ ਇਹ ਸੂਚਨਾ ਦੇਂਦੇ ਹਨ ਕਿ :

"ਬੰਦੇ ਬੰਦਗੀ ਇਕਤੀਆਰ, ਸਾਹਿਬੁ ਰੋਸੁ ਧਰਉ ਕਿ ਪਿਆਰੁ ॥"

ਅਤੇ ਮਨ ਨੂੰ ਸਿਧਾ ਹੋ ਤੁਰਨ ਲਈ ਇਉਂ ਸਮਝਾਉਂਦੇ ਹਨ :

"ਡਗ ਮਗ ਛਾਡਿ ਰੇ ਮਨ ਬਉਰਾ ॥
ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ ॥" ੩੩੮

ਬੰਦਗੀ ਵਿਚ ਜੁੜਨ ਦਾ ਤਰੀਕਾ ਕੀ ਹੈ :

ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥
ਸਹਿਜ ਬਿਲੋਵਹੁ ਜੈਸੇ ਤਤੁ ਨ ਜਾਈ ॥"

ਅਤੇ 'ਹਰਿ ਕਾ ਬਿਲੋਵਨਾ ਮਨ ਕਾ ਬੀਚਾਰਾ ॥—੪੭੮

ਜੁੜਨਾ ਹੈ ਮਨ ਦੀ ਵੀਚਾਰ ਦੁਆਰਾ ਅਤੇ ਸਹਿਜ ਭਾ ਵਿਚ ਟਿਕ ਕੇ, ਮਨ ਦੀ

ਇਕਾਗਰਤਾ ਅਤੇ ਸਾਵਧਾਨਤਾ ਨਾਲ, ਜਿਥੇ ਬਾਹਰਮੁਖੀ ਕਰਮਾਂ ਜਾਂ ਨੇਮਾਂ ਦੀ ਅਵਸ਼ਕਤਾ ਨਹੀਂ :

"ਬੇਦ ਕਤੇਬ ਇਫਤ ਰਾ ਭਾਈ ਦਿਲ ਕਾ ਫਿਕਰੁ ਨ ਜਾਇ ॥
ਟੁਕੁ ਦਮੁ ਕਰਾਈ ਜਉ ਕਰਹੁ ਹਾਜਿਰ ਹਜੂਰਿ ਖੁਦਾਇ ॥
ਬੰਦੇ ਖੋਜ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥"—੭੨੭

ਕਬੀਰ ਜੀ ਦੀ ਭਗਤੀ ਭਾਵਨਾ ਅੰਦਰ ਅਧ ਵਿਸ਼ਵਾਸ਼ ਨਹੀਂ । ਹਰ ਵਿਸ਼ਵਾਸ਼ ਪਿਛੇ ਦਿਲ ਖੋਜ ਦਾ ਅਧਾਰ ਹੈ । ਵੀਚਾਰ ਦੇ ਤਰਾਜ਼ੂ ਤੇ ਚੜ੍ਹੇ ਹੋਏ ਕਰਮ ਧਰਮ ਹੀ ਪ੍ਰਵਾਨਗੀ ਦੀ ਛਾਪ ਦੇ ਅਧਿਕਾਰੀ ਹੋ ਸਕਦੇ ਹਨ :

"ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬੀਚਾਰਾ ॥" ੧੧੯੫

ਜਿਥੇ ਹਾਲੇ ਸਹਸਾ ਹੈ, ਮਨ ਭਰਮਾਂ ਅੰਦਰ ਵਿਚਰ ਰਹਿਆ ਹੈ ਅਤੇ ਕੇਵਲ ਲੋਕਾ ਨੂੰ ਪਤਿਆਉਣ ਲਈ ਗ੍ਰੰਥਾਂ ਦੇ ਪਾਠ ਅਤੇ ਹੋਰ ਕ੍ਰਿਆ ਕਰਮ ਕੀਤੇ ਜਾ ਰਹੇ ਹਨ । ਉਸ ਲਈ ਆਪ ਕਹਿੰਦੇ ਹਨ :

'ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਜਾਨਾ ॥"—੪੮੪

ਬਲਕਿ ਅਜਿਹੇ ਕਰਮਾਂ ਧਰਮਾਂ ਵਿਚ ਲਾਉਣ ਵਾਲੇ ਗੁਰੂ ਜਿਸ ਤੋਂ ਮਨ ਦੇ ਭਰਮਾਂ ਦੀ ਨਿਵਿਰਤੀ ਨਹੀਂ ਹੁੰਦੀ, ਬਾਰੇ ਕਬੀਰ ਜੀ ਬੜੇ ਕਰੜੇ ਸ਼ਬਦ ਵਰਤਦੇ ਹਨ :

"ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ ।"੧੩੭੦

ਸਮੇਂ ਦਾ ਸਮਾਜ ਹਿੰਦੂ ਮਤ ਅਤੇ ਇਸਲਾਮ ਦੀ ਬਾਹਰਮੁਖੀ ਰਹਿਣੀ ਨੂੰ ਬਹੁਤ ਜ਼ਿਆਦਾ ਕਬੂਲੇ ਹੋਏ ਸੀ ਅਤੇ ਇਨ੍ਹਾਂ ਦੀਆਂ ਮਾਨਸਕ ਤੇ ਅੰਤਰਮੁਖੀ ਧਰਮ ਭਾਵਨਾ ਵਲੋਂ ਲੋਕ ਉਕਾ ਹੀ ਕੋਰੇ ਹੋ ਗਏ ਸਨ । ਕਰਮ ਕਾਂਡ ਤੇ ਸ਼ਰਹ ਪ੍ਰਧਾਨ ਸਨ । ਜਿਸ ਦਾ ਸਿੱਟਾ ਸਮੁਚੇ ਤੌਰ ਆਚਰਣਕ ਗਿਰਾਵਟ ਦਾ ਹੋਣਾ ਸੀ । ਕਬੀਰ ਜੀ ਨੇ ਭਗਤੀ ਅਤੇ ਸੂਫੀ ਮਤ ਦੀਆਂ ਲਹਿਰਾਂ ਦੀਆਂ ਹੋਰ ਵਿਅਕਤੀਆਂ ਵਾਂਗ ਅਜਿਹੀ ਗਿਰਾਵਟ ਅਤੇ ਵਿਖਾਵੇ ਦੇ ਜੀਵਨ ਵਿਰੁਧ ਜ਼ੋਰਦਾਰ ਅਵਾਜ਼ ਉਠਾਈ ਹੈ । ਜਿਸ ਲਈ ਇਸ ਪਖ ਤੋਂ ਆਪ ਦੀ ਰਚਨਾ ਅੰਦਰ ਸੁਧਾਰਵਾਦੀ ਤੇ ਉਪਦੇਸ਼ਾਤਮਕ ਅੰਸ਼ ਮੌਜੂਦ ਹਨ । ਕਿਉਂਕਿ ਆਪ ਦਾ ਸੁਭਾ ਖੁਲ੍ਹਾ ਡੁਲਾਂ ਅਤੇ ਖਰੀਆਂ ਖਰੀਆਂ ਕਹਿਣ ਵਾਲਾ ਹੈ, ਇਸ ਲਈ ਆਪ ਨੇ ਸੱਚ ਸੱਚ ਕਹਿਣ ਵਿਚ ਸੰਕੋਚ ਤੋਂ ਕੰਮ ਨਹੀਂ ਲਇਆ, ਬਲਕਿ ਹਰ ਗੱਲ ਸਾਫ਼ ਸਾਫ਼ ਕਹੀ ਹੈ । ਇਥੋਂ ਤਕ ਕਿ ਸਮਾਜ ਦੇ ਮੁਖੀ, ਬ੍ਰਾਹਮਣਾਂ ਅਤੇ ਕਾਜ਼ੀਆਂ ਨੂੰ ਜਿਨ੍ਹਾਂ ਦੇ ਪਿਛੇ ਸਮੇਂ ਦੀ ਹਕੂਮਤ ਦਾ ਬਲ ਭੀ ਕੰਮ ਕਰਦਾ ਸੀ, ਆਪ ਨੇ ਆਪਣੇ ਵਿਚਾਰਾਂ ਦੁਆਰੇ ਪੂਰੀ ਤਰ੍ਹਾਂ ਢੀਠ ਕੀਤਾ ਹੈ । ਬ੍ਰਾਹਮਣ ਨੂੰ ਜੋ ਜ਼ਾਤ ਪਾਤ ਦੇ ਖਿਆਲ ਤੋਂ ਹਿੰਦੂ ਸਮਾਜ ਅੰਦਰ ਸਭ ਤੋਂ ਉਚਾ ਦਰਜਾ ਰਖਦਾ ਸੀ, ਆਪ ਪੁਛਦੇ ਹਨ :

"ਕਹੁ ਰੇ ਪੰਡਿਤ ਬਾਮਨ ਕਬ ਕੇ ਹੂਏ,
ਬਾਮਨ ਕਹਿ ਕਹਿ ਜਨਮੁ ਮਤ ਖੋਏ ॥
ਜੌ ਤੂੰ ਬ੍ਰਾਹਮਣੁ ਬ੍ਰਾਹਮਣੀ ਜਾਇਆ,
ਤਉ ਆਨ ਬਾਟ ਕਾਹੇ ਨਹੀਂ ਆਇਆ ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ,
ਹਮ ਕਤ ਲੋਹੂ ਤੁਮ ਕਤ ਦੂਧ ॥
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ,
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥"—੩੨੪

ਹਰੀ ਸਿਮਰਨ ਵਲੋਂ ਹਟ ਕੇ ਹੋਰ ਕਰਮਾਂ ਵਿਚ ਲਗੇ ਹੋਣ ਬਾਰੇ ਆਪ ਕਹਿੰਦੇ ਹਨ :

"ਪੰਡੀਆ ਕਵਨ ਕੁਮਤਿ ਤੁਮ ਲਾਗੇ ॥
ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ ॥
ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ .....
ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ ॥
ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ ॥"--੧੧੦

ਅਤੇ-- "ਕਾਹੇ ਮੇਰੇ ਬਾਮ੍ਹਨ ਹਰਿ ਨ ਕਹਹਿ ॥
ਰਾਮੁ ਨ ਬੋਲਹਿ ਪਾਡੇ ਦੋਜਕੁ ਭਰਹਿ ॥
ਆਪਨ ਊਚ ਨੀਚ ਘਰਿ ਭੋਜਨ ਹਠੇ ਕਰਮ ਕਰ ਉਦਰੁ ਭਰਹਿ ॥
ਚਉਦਸ ਅਮਾਵਸ ਰਚਿ ਰਚਿ ਮਾਂਗਹਿ ਕਰ ਦੀਪਕੁ ਲੈ ਕੂਪਿ ਪਰਹਿ॥"੬੭੦

ਆਪ ਦੇ ਕਥਨ ਦੀ ਨਿਸ਼ੱਕਤਾ ਤੇ ਦ੍ਰਿੜ੍ਹਤਾ ਵੇਖਣ ਯੋਗ ਹਨ। ਇਸੇ ਤਰ੍ਹਾਂ ਆਪ ਹਿੰਦੂ ਮੁਸਲਮਾਨਾਂ ਦੀ ਫ਼ਿਰਕੇਦਾਰੀ ਖਿਚੋਤਾਣ ਦੇ ਮਦੇ ਨਜ਼ਰ ਕਾਜ਼ੀ ਪਾਸੋਂ ਪੁਛਦੇ ਹਨ :

"ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ ॥
ਦਿਲ ਮਹਿ ਸੋਚ ਬਿਚਾਰ ਕਵਾਦੇ ਭਿਸਤ ਦੋਜਕ ਕਿਨਿ ਪਾਈ ॥
ਕਾਜੀ ਤੈ ਕਵਨ ਕਤੇਬ ਬਖਾਨੀ ॥
ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ ॥
ਸਕਤਿ ਸਨੇਹ ਕਰ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ ॥
ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ ॥
ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤਿ ਕਾ ਕਿਆ ਕਰੀਐ ॥
ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ ॥
ਛਾਡਿ ਕਤੇਬ ਰਾਮੁ ਭਜ ਬਉਰੇ ਜ਼ੁਲਮ ਕਰਤ ਹੈ ਭਾਰੀ ॥
ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੈ ਪਚਿਹਾਰੀ ॥"—੪੭੭

ਸਮੇਂ ਦੀ ਤੁਰਕ ਹਕੂਮਤ ਅਤੇ ਕਾਜ਼ੀ ਦੇ ਧਰਮ ਏਤਕਾਦ ਉਤੇ ਇਤਨੀ ਜ਼ਬਰਦਸਤ ਚੋਟ ਕਬੀਰ ਵਰਗੀ ਨਿਰਭੈ ਹਸਤੀ ਹੀ ਕਰ ਸਕਦੀ ਹੈ। 'ਅਲਹੁ ਏਕ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸ ਕੇਰਾ।'—੧੩੪੯। ਸ਼ਬਦ ਵਿਚ ਆਪ ਹਿੰਦੂ ਮੁਸਲਮਾਨ ਦੋਹਾਂ ਨੂੰ ਸਰਬ ਸਾਂਝੇ ਰੱਬ ਦੀ ਸੂਚਨਾ ਦੇਂਦੇ ਹੋਏ ਸਮਝਾਉਂਦੇ ਹਨ ਕਿ 'ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ' ਅਤੇ 'ਕੁਦਰਤਿ ਕੇ ਸਭ ਬੰਦੇ' ਅਤੇ 'ਹਿੰਦੂ ਤੁਰਕ ਦੁਹੂੰ ਮਹਿ ਏਕੈ'—੪੮੩ ਦ੍ਰਿੜ੍ਹ ਕਰਾਉਂਦੇ ਹੋਏ ਸਾਂਝਾ ਉਪਦੇਸ਼ ਦੇਂਦੇ ਹਨ :

"ਲੋਗਾ ਭਰਮਿ ਨ ਭੂਲਹੁ ਭਾਈ ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ...
ਸਭ ਮਹਿ ਸਾਚਾ ਏਕੋ ਸੋਈ, ਤਿਸ ਕਾ ਕੀਆ ਸਭੁ ਕਛੁ ਹੋਈ ॥
ਹੁਕਮ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥"—੧੩੪੯

ਆਪਣੀ ਬਾਬਤ ਕਬੀਰ ਜੀ ਇਉਂ ਕਹਿੰਦੇ ਹਨ :—

"ਹਮਰਾ ਝਗਰਾ ਰਹਾ ਨ ਕੋਊ, ਪੰਡਿਤ ਮੁਲਾਂ ਛਾਡੇ ਦੋਊ...
ਪੰਡਿਤ ਮੁਲਾਂ ਜੋ ਲਿਖਿ ਦੀਆ, ਛਾਡਿ ਚਲੇ ਹਮ ਕਛੂ ਨ ਲੀਆ ॥
ਰਿਦੈ ਇਖਲਾਸੁ ਨਿਰਖ ਲੇ ਮੀਰਾ,
ਆਪੁ ਖੋਜਿ ਖੋਜਿ ਮਿਲੇ ਕਬੀਰਾ ॥"— ੧੫੯

ਅਤੇ— "ਸਭੁ ਕੋਈ ਚਲਤ ਕਹਤ ਹੈ ਊਹਾਂ, ਨ ਜਾਨਉ ਬੈਕੁੰਠੁ ਹੈ ਕਹਾਂ...
ਜਬ ਲਗੁ ਮਨ ਬੈਕੁੰਠ ਕੀ ਆਸ, ਤਬ ਲਗੁ ਨਾਹੀ ਚਰਨ ਨਿਵਾਸ...
ਕਹਿ ਕਮੀਰ ਅਬ ਕਹੀਐ ਕਾਹਿ, ਸਾਧ ਸੰਗਤਿ ਬੈਕੁੰਠੈ ਆਹਿ ॥"–੧੧੬੧

ਆਪ ਦਾ ਜੀਵਨ ਆਦਰਸ਼ ਹਰੀ ਵਰਗਾ ਬਨਣਾ ਹੈ :

"ਹਰਿ ਜਨ ਐਸਾ ਚਾਹੀਐ ਜੈਸਾ ਹਰਿ ਹੀ ਹੋਇ ॥"—੧੩੭੨

---


**ਪੰਜਾਬੀ ਵੀਰੋ !**

**ਆਲੋਚਨਾ ਦੇ**

**ਆਪ ਗਾਹਕ ਬਣੋ**

**ਤੇ**

**ਹੋਰਨਾਂ ਨੂੰ ਗਾਹਕ ਬਣਨ ਲਈ ਪ੍ਰੇਰੋ।**

ਨਰੇਂਦਰ ਧੀਰ —

# ਪੰਜਾਬੀ ਲੋਕ ਕਹਾਣੀਆਂ ਅਤੇ ਉਹਨਾਂ ਦੀ ਪਰੰਪਰਾ

ਮਾਂ ਦੇ ਢਿਡ ਵਿਚੋਂ ਜਨਮ ਲੈਣ ਦੇ ਬਾਅਦ ਜਦੋਂ ਬਾਲ ਸਮਝਣ ਯੋਗ ਹੋ ਜਾਂਦਾ ਹੈ, ਤਦੋਂ ਉਹ ਨਾਨੀ ਜਾ ਦਾਦੀ ਦੀ ਗੋਦੀ ਵਿਚ ਬੈਠ ਉਸ ਪਾਸੋਂ ਕੋਈ ਕਥਾ ਵਾਰਤਾ ਸੁਨਣ ਦੇ ਲਈ ਜ਼ਿਦ ਕਰਨੀ ਸ਼ੁਰੂ ਕਰ ਦੇਂਦਾ ਹੈ। ਬੁਢੀ ਮਾਤਾ ਉਸ ਨੂੰ ਕਿਸੇ ਰਾਜਾ, ਦੇਵਤਾ, ਰਾਕਸ਼ ਜਾਂ ਪਰੀ ਦੀ ਕਹਾਣੀ ਸੁਣਾਉਣੀ ਅਰੰਭ ਕਰ ਦੇਂਦੀ ਹੈ। ਬੱਚਾ ਉਸ ਕਹਾਣੀ ਨੂੰ ਉਤਸ਼ਾਹ ਭਰੇ ਹਿਰਦੇ ਨਾਲ ਸੁਣਦਾ ਹੈ। ਉਸ ਦੇ ਸਾਹਵੇਂ ਇਕ ਹੀ ਗਲ ਹੁੰਦੀ ਹੈ —'ਫੇਰ ਕੀ ਹੋਇਆ' ਨਾਨੀ ਜਾਂ ਦਾਦੀ ਉਸ ਕਹਾਣੀ ਨੂੰ ਵਧਾਉਂਦੀ ਵਧਾਉਂਦਾ ਬਚੇ ਨੂੰ ਸੁਆ ਦੇਂਦੀ ਹੈ। ਦੂਜੇ ਦਿਨ ਫੇਰ ਬਾਲਕ ਬੁੱਢੀ ਮਾਂ ਦੇ ਪਿਛੇ ਪੈਂਦਾ ਹੈ ਅਤੇ ਕੋਈ ਉਸੇ ਤਰ੍ਹਾਂ ਦੀ ਕਹਾਣੀ ਹਨੂਮਾਨ ਦੀ ਪੂਛ ਵਾਂਗ ਵਧਦੀ ਬੱਚੇ ਨੂੰ ਘੂਕ ਸੁਆ ਦੇਂਦਾਂ ਹੈ। ਹੌਲੀ ਹੌਲੀ ਜਦੋਂ ਉਹ ਵੱਡਾ ਹੋ ਜਾਂਦਾ ਹੈ, ਉਸ ਦੀ ਕਲਪਨਾ ਸ਼ਕਤੀ ਬਲਵਾਨ ਹੋ ਜਾਂਦੀ ਹੈ, ਤਦ ਉਹ ਉਸ ਤਰ੍ਹਾਂ ਦੀਆਂ ਕਹਾਣੀਆਂ ਤੋਂ ਉਚਾਟ ਹੋ ਜਾਂਦਾ ਹੈ। ਉਹਨਾਂ ਕਹਾਣੀਆਂ ਨੂੰ ਉਹ ਮਨੋਕਲਪਿਤ ਹੀ ਸਮਝਦਾ ਹੈ, ਜਿਸ ਕਰਕੇ ਉਸ ਦਾ ਉਤਸ਼ਾਹ ਇਹਨਾਂ ਤੋਂ ਘਟ ਜਾਂਦਾ ਹੈ। ਪਰ ਕੁਝ ਸਮੇਂ ਮਗਰੋਂ ਜਦ ਉਹ ਹੀ ਬਾਲਕ ਆਪਣੇ ਬੁਢਾਪੇ ਵਿਚ, ਆਪਣੇ ਹਿਰਦੇ ਰੂਪੀ ਪੱਲੇ ਵਿਚ ਲੁਕ-ਲੁਕਾ ਕੇ ਰਖੀਆਂ ਹੋਈਆਂ ਉਹਨਾਂ ਹੀ ਕਹਾਣੀਆਂ ਨੂੰ ਜਦੋਂ ਆਪਣੇ ਬਚਿਆਂ ਨੂੰ ਸੁਣਾਉਂਦਾ ਹੈ ਤਾਂ ਇਹੋ ਹੀ ਪ੍ਰਤੀਤ ਹੁੰਦਾ ਹੈ ਕਿ ਇਹਨਾਂ ਕਹਾਣੀਆਂ ਦੇ ਸੁਨਿਹਰੇ ਪਰਛਾਵੇਂ ਦੇ ਪਿਛੇ ਨਿਸਚੈ ਹੀ ਕੋਈ ਇਹੋ ਜਿਹੀ ਤੱਤ ਹੈ ਜਾਂ ਮਨੋਵਿਗਿਆਨਕ ਸਚਿਆਈ ਹੈ ਕਿ ਉਹ ਕਹਾਣੀਆਂ ਅਣਹੋਣੀਆਂ ਪ੍ਰਤੀਤ ਹੋਣ ਤੋਂ ਉਪਰੰਤ ਵੀ ਸੁਣਨ ਦੇ ਯੋਗ ਹਨ। ਇਹਨਾ ਕਹਾਣੀਆਂ ਨੂੰ 'ਲੋਕ-ਕਥਾ', 'ਲੋਗ-ਗਾਥਾ', 'ਲੋਕ ਵਾਰਤਾ' ਜਾਂ 'ਲੋਕ-ਕਹਾਣੀਆਂ' ਕਹਿਆ ਜਾਂਦਾ ਹੈ।

ਵਾਰਤਾ ਜਾਂ ਕਹਾਣੀ ਲੋਕ-ਜੀਵਨ ਦੇ ਕਿਸੇ ਅੰਗ ਜਾਂ ਅਵਸਥਾ ਦਾ ਪ੍ਰਤਖ ਚਿਤਰਣ ਹੈ। ਲੋਕ-ਜੀਵਨ ਵਿਚ ਮਨੁਖ ਜੋ ਕੁਝ ਵੀ ਕਰਦਾ ਹੈ ਅਤੇ ਜੋ ਕੁਝ ਵੀ ਆਪਣੇ ਪਿਛੇ ਛਡ ਜਾਂਦਾ ਹੈ, ਉਹ ਹੀ ਭਵਿਖਤ ਵਿਚ ਵਾਰਤਾ ਜਾਂ ਕਹਾਣੀ ਕਹਾਉਂਦੀ ਹੈ। ਭੂਤ ਕਾਲ ਅਤੇ ਵਰਤਮਾਨ ਭਵਿਖਤ ਲਈ ਕਹਾਣੀ ਹੀ ਹਨ। ਉਪਰ ਅਸੀਂ

ਦਸਿਆ ਹੈ ਕਿ ਬਚਪਨ ਵਿਚ ਬਾਲਕ ਕਹਾਣੀ ਜਾਂ ਵਾਰਤਾ ਸੁਣਨ ਦੇ ਲਈ ਆਪਣੇ ਪਰਵਾਰ ਦੇ ਬਜ਼ੁਰਗਾਂ ਦੀ ਗੋਦੀ ਵਿਚ ਕੁਦ ਪੈਂਦਾ ਹੈ ਅਤੇ ਕਹਾਣੀ ਸੁਣਦਾ ਸੁਣਦਾ ਹੀ ਨੀਂਦਰ ਦੀ ਗੋਦੀ ਵਿਚ ਹੁਲਾਰੇ ਖਾਂਦਾ ਹੋਇਆ ਸੁਫਨਿਆਂ ਦੀ ਦੁਨੀਆਂ ਵਿਚ ਗੁਆਚ ਜਾਂਦਾ ਹੈ। ਦੇਖਣ ਵਿਚ ਆਉਂਦਾ ਹੈ ਕਿ ਇਕ ਦੂਜੇ ਦੇ ਵਾਰਤਾਲਾਪ ਜਾਂ ਗਲਾਂ ਬਾਤਾਂ ਨਾਲ ਹੀ ਕਹਾਣੀ ਦਾ ਬੂਟਾ ਉਗਮਦਾ ਹੈ।

ਅਸਲ ਵਿਚ ਕਹਾਣੀ ਦਾ ਪ੍ਰਕਿਰਤੀ ਨਾਲ ਬੜਾ ਡੂੰਘਾ ਸੰਬੰਧ ਹੈ। ਕਹਾਣੀ ਵੀ ਪ੍ਰਕਿਰਤੀ ਨਾਲ ਹੀ ਉਗਮੀ ਹੋਈ ਪ੍ਰਤੀਤ ਹੁੰਦੀ ਹੈ। ਜਿਉਂ ਜਿਉਂ ਸਮਾਂ ਬੀਤਦਾ ਗਇਆ ਅਤੇ ਬੀਤੇ ਹੋਏ ਸਮੇਂ ਵਿਚ ਜੋ ਭੀ ਵਾਧੇ ਘਾਟੇ ਹੁੰਦੇ ਗਏ ਉਹ ਸਾਰੇ ਹੀ ਆਉਣ ਵਾਲੇ ਯੁਗ ਲਈ ਕਹਾਣੀ ਬਣ ਗਏ। ਨਿਸਚੈ ਤੌਰ ਤੇ ਇਹ ਕੋਈ ਨਹੀਂ ਕਹਿ ਸਕਦਾ ਕਿ ਕਹਾਣੀ ਸੁਣਾਉਣ ਦੀ ਚਾਲ ਮਨੁਖ ਵਿਚ ਕਦੋਂ ਉਤਪੰਨ ਹੋਈ। ਨਾ ਇਹ ਹੀ ਕਹਿਆ ਜਾ ਸਕਦਾ ਹੈ ਕਿ ਵਿਸ਼ਵ ਵਿਚ ਸਭ ਤੋਂ ਪਹਿਲੀ ਕਹਾਣੀ ਕਿਹੜੀ ਸੀ ਜਾਂ ਕਿਸ ਪ੍ਰਕਾਰ ਕਿਸ ਨੇ ਕਿਸ ਨੂੰ ਸੁਣਾਈ ਸੀ। ਪਰ ਇਹ ਗਲ ਨਿਸਚੈ ਹੀ ਹੈ ਕਿ ਜਦੋਂ ਆਦਮ ਪੁਰਖ (ਮੁਢਲੇ ਮਨੁਖ) ਨੂੰ ਬੋਲਣ ਲਈ ਭਾਸ਼ਾ, ਪ੍ਰਗਟ ਕਰਨ ਲਈ ਭਾਂਓ, ਘਟਨਾਵਾਂ ਨੂੰ ਯਾਦ ਕਰਨ ਲਈ ਸਿਮਰਣ ਸ਼ਕਤੀ ਅਤੇ ਦੇਖ ਕੇ ਵਿਚਾਰ ਕਰਨ ਲਈ ਵਿਚਾਰ-ਸ਼ਕਤੀ ਮਿਲੀ ਤਦੋਂ ਹੀ ਉਸ ਨੇ ਕਹਾਣੀ ਜਾਂ ਵਾਰਤਾ ਕਹਿਣ ਦੀ ਚਾਲ ਨੂੰ ਜਨਮ ਦਿਤਾ। ਉਹ ਹੀ ਵਿਸ਼ਵ ਦੀ ਪ੍ਰਿਥਮ ਕਹਾਣੀ ਬਣ ਕੇ ਸਹਿਜ ਸੁਭਾ ਹੀ ਉਸ ਦੇ ਬੁਲ੍ਹਾਂ 'ਚੋਂ ਫੁਟ ਪਈ। ਭਾਵੇਂ ਪ੍ਰਾਰੰਭਕ ਕਹਾਣੀਆਂ ਆਧੁਨਿਕ ਸਾਹਿਤ ਨੂੰ ਪਰਖਣ ਦੀ ਕਸਵੱਟੀ ਉਤੇ ਨਾ ਚੜ੍ਹਦੀਆਂ ਹੋਣ, ਪਰ ਇਹ ਨਿਸਚੈ ਸਚ ਹੈ ਕਿ ਜਿਉਂ ਜਿਉਂ ਮਨੁਖ ਦਾ ਜੀਵਨ ਵਿਗਿਆਨਕ ਅਤੇ ਕਲਾਤਮਿਕ ਹੁੰਦਾ ਗਇਆ। ਤਿਉਂ ਤਿਉਂ ਹੀ ਉਹ ਆਪਣੇ ਪਿਛਲੇ ਜੀਵਨ ਦੀ ਕਹਾਣੀ ਵਧੇਰੇ ਸੁੰਦਰ ਢੰਗ ਨਾਲ ਘੜਨ ਲਗ ਪਇਆ। ਇਕ ਸਮਾਂ ਸੀ, ਜਦੋਂ ਉਹ ਬਿਰਛਾਂ ਦੇ ਪੱਤੇ ਅਤੇ ਛਿਲ ਪਾਂਦਾ ਸੀ, ਉਹਨਾਂ ਨਾਲ ਹੀ ਉਹ ਆਪਣੇ ਸਰੀਰ ਨੂੰ ਕਜਦਾ ਸੀ। ਇਕ ਸਮਾਂ ਆਇਆ ਜਦੋਂ ਉਹ ਪਸ਼ੂ ਪੰਛੀਆਂ ਦਾ ਸ਼ਿਕਾਰ ਕਰਨ ਲਗ ਪਇਆ ਅਤੇ ਉਹਨਾਂ ਦੀ ਖਲ ਨਾਲ ਹੀ ਆਪਣੇ ਆਪ ਨੂੰ ਕਜਣ ਲਗਾ। ਕੁਝ ਸਮੇਂ ਪਿਛੋਂ ਉਸ ਨੇ ਪਸ਼ੂ ਪੰਛੀਆਂ ਦੀ ਸ੍ਰੇਣੀ ਦੀ ਵੰਡ ਕੀਤੀ ਅਤੇ ਉਹਨਾਂ ਵਿਚੋਂ ਕੁਝ ਕੁ ਦਾ ਸ਼ਿਕਾਰ ਕਰਨ ਲਗ ਪਇਆ ਅਤੇ ਕੁਝ ਪਸ਼ੂ ਪੰਛੀਆਂ ਕੋਲੋਂ ਆਪਣੇ ਦੂਜੇ ਕੰਮਾਂ ਵਿਚ ਮਦਦ ਲੈਣ ਲੱਗਾ। ਹੌਲੀ ਹੌਲੀ ਉਹ ਕੁਝ ਪਸ਼ੂ ਪੰਛੀਆਂ ਦਾ ਮਾਲਕ ਬਣ ਗਇਆ। ਸ਼ਿਕਾਰ ਕਰਨ ਲਈ ਉਸ ਨੂੰ ਜੋ ਔਕੜਾਂ ਝਲਣੀਆਂ ਪੈਂਦੀਆਂ ਸਨ, ਜਾਂ ਔਕੜਾਂ ਨੂੰ ਦੂਰ ਕਰਨ ਲਈ ਸਾਧਨ ਵਰਤਣੇ ਪੈਂਦੇ ਸਨ, ਉਹ ਹੀ ਉਸ ਦੀਆਂ ਕਹਾਣੀਆਂ ਬਣ ਜਾਂਦੀਆਂ ਸਨ। ਮੇਰਾ ਵਿਸ਼ਵਾਸ ਹੈ ਕਿ ਵਿਸ਼ਵ ਦੀ ਪ੍ਰਿਥਮ ਲੋਕ-ਕਹਾਣੀ ਨਿਸਚੈ ਹੀ ਮਨੁਖ ਦੇ ਉੱਨਤ ਉਦਮਾਂ ਦੀ

ਹੋਵੇਗੀ, ਜਿਹੜੀ ਕਿ ਉਸ ਨੂੰ ਸਭਿਅ ਅਤੇ ਸੁਖਲੇ ਬਣਨ ਦੇ ਲਈ ਕਰਨੇ ਪਏ ਅਤੇ ਉਸ ਵਿਚ ਨਿਸਚੇ ਹੀ ਪਸ਼ੂ ਪੰਛੀਆਂ ਨਾਲ ਮਨੁਖ ਦੇ ਯੁਧ ਦਾ ਵਰਨਣ ਹੋਵੇਗਾ। ਜਾਂ ਅਸੀਂ ਇਹ ਭੀ ਕਹਿ ਸਕਦੇ ਹਾਂ ਕਿ ਪਛਮੀ ਵਿਦਵਾਨਾਂ ਦੀਆਂ ਦਸੀਆਂ ਹੋਈਆਂ Animals Tales 'ਪਸ਼ੂ ਕਹਾਣੀਆਂ' ਹੀ ਵਿਸ਼ਵ ਵਿਚ ਸਭ ਤੋਂ ਪਹਿਲਾਂ ਇਕ ਦੂਜੇ ਨੂੰ ਸੁਣਾਈਆਂ ਗਈਆਂ ਹੋਣਗੀਆਂ ਪਰ ਨਿਸਚੇ ਪੂਰਵਕ ਕੁਝ ਨਹੀਂ ਕਹਿਆ ਜਾ ਸਕਦਾ ਕਿ ਪਸ਼ੂ ਕਹਾਣੀਆਂ ਦਾ ਨਿਕਾਸ ਪਹਿਲਾਂ ਹੋਇਆ ਜਾਂ ਮਨੁਖ ਦੀਆਂ ਯਾਤਰਾ ਕਹਾਣੀਆਂ ਦਾ। ਕਿਉਂਕਿ ਮਨੁਖ ਜਦ ਇਕ ਥਾਂ ਤੋਂ ਦੂਜੀ ਥਾਂ ਤੇ ਜਾਣ ਲਗਾ ਤਾਂ ਉਸ ਨੇ ਆਪਣੀ ਯਾਤਰਾ ਦੀਆਂ ਕਠਨਾਈਆਂ ਤੋਂ ਭਰੀ ਹੋਈ ਵਿਥਿਆ ਨੂੰ ਆਪਣੇ ਦੂਜੇ ਸਾਥੀਆਂ ਨੂੰ ਸੁਣਾਇਆ, ਇਹ ਨਿਸਚੇ ਹੈ।

ਅਸਭਿਅ ਕਾਲ ਵਿਚ ਜਦੋਂ ਮਨੁਖ ਪੂਰੇ ਤੌਰ ਨਾਲ ਬੇਸਮਝ ਅਤੇ ਅਣਜਾਣ ਸੀ, ਉਹਨੂੰ ਇਹ ਗਿਆਨ ਨਹੀਂ ਹੋਵੇਗਾ ਕਿ ਹਨੇਰੀ ਕਿਉਂ ਚਲਦੀ ਹੈ, ਭੂਚਾਲ ਕਿਉਂ ਆਉਂਦਾ ਹੈ, ਕਿਣਮਿਣ ਮੀਂਹ ਕਿਉਂ ਵਰ੍ਹਦਾ ਹੈ ਜਾਂ ਦਿਨ ਰਾਤ ਕਿਸ ਤਰ੍ਹਾਂ ਹੁੰਦੇ ਹਨ। ਨਿਸਚੇ ਹੀ ਉਹ ਇਹਨਾਂ ਘਟਨਾਵਾਂ ਦਾ ਸੰਬੰਧ ਆਪਣੇ ਜੀਵਨ ਨਾਲ ਬੀਤੀਆਂ ਹੋਈਆਂ ਘਟਨਾਵਾਂ ਨਾਲ ਜੋੜਦਾ ਹੋਵੇਗਾ*। ਨਿਸਚੈ ਹੈ ਕਿ ਉਸ ਦੇ ਮਨ ਦੀ ਕਮਜ਼ੋਰੀ ਉਸ ਉਤੇ ਮਨੋਵਿਗਿਆਨਕ ਪ੍ਰਭਾਵ ਪਾਉਂਦੀ ਹੋਵੇ। ਉਹ ਇਹ ਵੀ ਸੋਚ ਬੈਠਦਾ ਹੋਵੇ ਕਿ ਉਸ ਨੇ ਅਮੁਕ ਅਮੁਕ ਪਾਪ ਕੀਤੇ ਹਨ, ਜਿਸ ਕਰਕੇ ਇਹ ਅਣਹੋਣੀਆਂ ਘਟਨਾਵਾਂ ਵਾਪਰ ਰਹੀਆਂ ਹਨ। ਉਹ ਉਹਨਾਂ ਪਾਪਾਂ ਨੂੰ ਨਿਵਾਰਣ ਲਈ ਇਹਨਾਂ ਨੂੰ ਦੇਵੀ ਦੇਵਤੇ ਮੰਨੇ, ਉਹਨਾਂ ਦੀ ਪੂਜਾ ਕਰਨੀ ਆਰੰਭ ਦੇਂਦਾ ਹੋਵੇ, ਉਹਨਾਂ ਤੋਂ ਬਲੀਦਾਨ ਕਰਦਾ ਹੋਵੇ, ਜਿਸ ਤੋਂ ਇਹ ਦੇਵੀ ਦੇਵਤੇ ਜਾਂ ਪੂਰਣ ਸ਼ਕਤੀਮਾਨ ਦੈਂਤ ਜਿਨ੍ਹਾਂ ਲਈ ਉਹ ਜੋ ਭੀ ਮਨਘੜਤ ਧਾਰਨਾਵਾਂ ਕਰ ਲਵੇ, ਉਸ ਉਤੇ ਪ੍ਰਸੰਨ ਹੋ ਜਾਣ ਅਤੇ ਭਵਿਖਤ ਲਈ ਉਹ ਉਸ ਦਾ ਰਤਾ ਮਾਤਰ ਵੀ ਕੁਝ ਨਾ ਵਿਗਾੜ ਸਕਣ। ਕੇਵਲ ਇਹ ਹੀ

---

* "We must seek it fn a remote past when our ancestors where in a state if sanagery in which then did and thought such things as cccur in Folk-tales, usual and irratioral as they may be. All races nowever civilised have passed through a state of savagery upon their upward march, a stage in which they be ived that beasts and things could talk and act in which the medicine was powerful and magic was common, in which society was organised on different lines from that of later ages......"

—J.A. Mocculock. D. Folk lore Vol. LX. Page 309.

ਨਹੀਂ, ਪ੍ਰਕਿਰਤੀ ਵਲੋਂ ਜਦੋਂ ਵੀ ਉਸ ਉਤੇ ਵਿਸ਼ੇਸ਼ ਕਿਰਪਾ ਹੁੰਦੀ ਹੋਵੇਗੀ ਅਤੇ ਬਸੰਤ ਲਹਿਰਾਂਦਾ ਹੋਵੇਗਾ, ਬਿਰਛਾਂ ਉਤੇ ਨਵੀਆਂ ਕਰੂੰਬਲਾਂ ਫੁਟ ਪੈਂਦੀਆਂ ਹੋਣਗੀਆਂ, ਬਨ ਪਰਬਤਾਂ ਤੇ ਪ੍ਰਕਿਰਤੀ ਦੀ ਸ਼ੋਭਾ ਉਹਨਾਂ ਨੂੰ ਆਨੰਦ-ਮਈ ਕਰ ਦੇਂਦੀ ਹੋਵੇਗੀ, ਬਿਰਛਾਂ ਦੇ ਫਲ ਫੁਲ ਜਦੋਂ ਉਹਨਾਂ ਨੂੰ ਆਨੰਦ ਦੇਂਦੇ ਹੋਣਗੇ ਤਾਂ ਨਿਸਚੈ ਹੈ ਕਿ ਉਸ ਦਾ ਮਨੋਵਿਗਿਆਨਕ ਉਸ ਨੂੰ ਗਵਾਹੀ ਦੇ ਰਹਿਆ ਹੋਵੇ ਕਿ ਉਸ ਦੀ ਅਮਕੀ ਬਲੀ ਦੇ ਵਟਾਂਦਰੇ ਸਰੂਪ ਹੀ ਇਹ ਅਨੋਖੀ ਤਬਦੀਲੀ ਹੋਈ ਹੈ ਅਤੇ ਉਹ ਇਸੇ ਖੁਸ਼ੀ ਵਿਚ ਨਚਦਾ ਟਪਦਾ ਅਤੇ ਖੁਸ਼ੀ ਦੇ ਗੀਤ ਗਾਂਦਾ ਹੋਵੇਗਾ। ਆਪਣੇ ਦੂਜੇ ਸਾਥੀਆਂ ਨੂੰ ਵਿਚਿਤਰ ਕਥਾਵਾਂ ਘੜ ਘੜ ਕੇ ਸੁਣਾਂਦਾ ਹੋਵੇਗਾ ਕਿ ਕਿਵੇਂ ਦੈਤਾਂ ਤੇ ਰਾਕਸ਼ਾਂ ਨੇ ਉਸ ਨੂੰ ਪਰੇਸ਼ਾਨ ਕੀਤਾ ਤਾਂ ਉਸ ਨੇ ਬਲੀ ਦਿਤੀ, ਦੇਵਤਿਆਂ ਨੂੰ ਪ੍ਰਸੰਨ ਕੀਤਾ, ਹੋਰ ਉਹਨਾਂ ਤੋਂ ਵਰਦਾਨ ਵਜੋਂ ਅਮਕੀਆਂ ਅਮਕੀਆਂ ਗਲਾਂ ਪ੍ਰਾਪਤ ਕੀਤੀਆਂ। ਐਸੀਆਂ ਕਹਾਣੀਆਂ Mythological Tales() ਜਾਂ ਪੁਰਾਣਕ ਕਹਾਣੀਆਂ ਕਹੀਆਂ ਜਾਂਦੀਆਂ ਹਨ।

ਪੁਰਾਤਨ ਕਹਾਣੀਆਂ ਵਧੇਰੇ ਕਰ ਕੇ ਪ੍ਰਕਿਰਤੀ ਦੀ ਹੋਂਦ ਤੋਂ ਹੀ ਆਰੰਭ ਹੁੰਦੀਆਂ ਹਨ। ਕਿਉਂਕਿ ਇਹ ਕਹਾਣੀਆਂ ਸਾਨੂੰ ਪ੍ਰਕਿਰਤੀ ਦੇ ਉਤਪੰਨ ਹੋਣ ਦੇ ਸੰਬੰਧ ਵਿਚ ਵਖਰੀਆਂ ਵਖਰੀਆਂ ਕਹਾਣੀਆਂ ਦਸਦੀਆਂ ਹਨ। ਪ੍ਰਿਥਵੀ ਦੀ ਹੋਂਦ ਕਿਵੇਂ ਹੋਈ. ਉਸ ਉਤੇ ਪਹਾੜ, ਨਦੀਆਂ, ਨਾਲੇ, ਤਲਾਓ, ਪਸ਼ੂ, ਪੰਛੀ, ਬਿਰਛ, ਮਨੁਖ ਜਾਂ ਇਸਤਰੀ ਕਿਵੇਂ ਅਤੇ ਕਿਉਂ ਪੈਦਾ ਹੋਏ; ਇਹ ਸਾਰੀਆਂ ਗਲਾਂ ਭਿੰਨ ਭਿੰਨ ਦਲੀਲਾਂ ਦੁਆਰਾ ਇਹਨਾਂ ਕਹਾਣੀਆਂ ਵਿਚ ਪ੍ਰਾਪਤ ਹੁੰਦੀਆਂ ਹਨ। ਉਤੇ ਅਸਾਂ ਦਸਿਆ ਹੈ ਕਿ ਮਨੁਖ ਨੂੰ ਵਿਗਿਆਨਕ ਉਨਤੀ ਲਈ ਜਿਨ੍ਹਾਂ ਔਕੜਾਂ ਦਾ ਸਾਹਮਣਾ ਕਰਨਾ ਪਇਆ ਅਤੇ ਉਸ ਨੂੰ ਜਿਹੜੀਆਂ ਘਾਲਣਾ ਘਾਲਣੀਆਂ ਪਈਆਂ ਉਹ ਹੀ ਸਭ ਇਹਨਾਂ ਕਹਾਣੀਆਂ ਦਾ ਕਥਾਨਕ ਹੈ। ਲਿਖਿਤ ਸਾਹਿਤ ਵਿਚ ਇਹੋ ਹੀ ਕਹਾਣੀਆਂ ਸਭ ਤੋਂ ਪਹਿਲਾਂ ਸਾਡੇ ਸਾਹਮਣੇ ਆਉਂਦੀਆਂ ਹਨ। ਈਸਾ ਤੋਂ ਦੋ ਢਾਈ ਹਜ਼ਾਰ ਵਰ੍ਹੇ ਪਹਿਲਾਂ ਰਿਗ ਵੇਦ ਦੀ ਰਚਨਾ ਹੋ ਚੁਕੀ ਸੀ। ਇਸੇ ਮਹਾਨ ਗ੍ਰੰਥ ਵਿਚ ਵਿਸ਼ਵ ਦੀ ਮੁਢਲੀ ਕਹਾਣੀ ਦਾ ਪ੍ਰਾਚੀਨ ਸਰੂਪ ਮਿਲਦਾ ਹੈ। ਵਿਦਵਾਨਾਂ ਦਾ ਵਿਚਾਰ ਹੈ ਕਿ 'ਯਮ ਯਮੀ ਸੰਵਾਦ' ਜਾਂ 'ਰਾਜੇ ਇੰਦਰ ਦੀ ਵ੍ਰਿਤ ਨੂੰ ਮਾਰਣ ਦੀ ਗਾਥਾ' ਜਿਹੜੀਆਂ ਰਿਗ ਵੇਦ ਵਿਚ ਹਨ, ਹੀ ਵਿਸ਼ਵ ਦੀਆਂ ਮੁਢਲੀਆਂ ਲਿਖਤੀ ਕਹਾਣੀਆਂ ਹਨ। 'ਸ਼ਰੁਤੀ' ਵੇਦਾਂ ਦਾ ਹੀ ਦੂਜਾ ਨਾਮ ਹੈ। ਇਹ ਇਕ ਨਿਸਚਿਤ ਸੰਕੇਤ ਮੰਨਿਆ ਜਾ ਸਕਦਾ ਹੈ ਕਿ

() "A storm preserved as having actually occured in a previous age, explaining the cosmological and supernatural tradition of people, their Gods, heroes, cultural trai s and religious beliefs etc.

—Folk-Lore Dictionary

ਇਹ ਵੇਦਾਂ ਦੀ ਇਕ ਮੌਲਿਕ ਵਸਤੂ ਨਹੀਂ ਹੈ, ਪਰ ਤਤਕਾਲੀ ਲੋਕ ਸਾਹਿਤ ਹੀ ਹੈ— 'ਸ਼ਰੁਤੀ' ਦਾ ਭਾਵ 'ਸੁਣੀ ਹੋਈ' ਤੋਂ ਹੈ। ਸੰਭਵ ਹੈ ਸੰਗ੍ਰਹਿਕਾਰ ਰਿਸ਼ੀ ਵੇਦ ਵਿਆਸ ਨੇ ਲੋਕਾਂ ਤੋਂ ਸੁਣ ਕੇ ਹੀ ਇਹ ਸਾਹਿੱਤ ਦਾ ਮਹਾਨ ਭੰਡਾਰ ਇਕੱਤਰ ਕੀਤਾ ਹੋਵੇ। "ਅਥਰਵ ਵੇਦ ਦੇ 'ਕੁੰਤਾਪ ਸੂਕਤ" (੨੦-੧੨੭-੧੩੬) ਖਿਲ ਜਾਂ ਪਰੀਸ਼ਿਸ਼ਟ ਕਹੇ ਗਏ ਹਨ। ਨਿਸਚੈ ਹੀ ਇਹਨਾਂ ਵਿਚ ਸਾਹਿਤਕਾਰ ਨੇ ਲੋਕ ਸਾਹਿਤ ਦਾ ਸੰਗ੍ਰਹਿ ਕੀਤਾ ਹੈ। ਸੰਗ੍ਰਹਿ ਕਰਨ ਵਾਲੇ ਵੇਦ ਵਿਆਸ ਆਪ ਕੁਰੂ ਜਨਪਦ ਦੇ ਸਨ ਅਤੇ ਇਥੋਂ ਦੇ ਲੋਕ-ਸਾਹਿਤ ਤੋਂ ਚੰਗੀ ਤਰ੍ਹਾਂ ਜਾਣੂ ਸਨ। ਜਦੋਂ ਉਹ ਰਿਸ਼ੀ ਪਰਿਵਾਰਾਂ ਵਿਚ ਉਗਮੇ ਸਾਹਿਤ ਦਾ ਸੰਗ੍ਰਹਿ ਕਰ ਚੁਕੇ ਤਾਂ ਉਹਨਾਂ ਦਾ ਧਿਆਨ ਲੋਕਾਂ ਵਿਚ ਫੈਲੇ ਹੋਏ ਗਾਣਿਆਂ ਤੇ ਵੀ ਗਿਆ ਜਾਪਦਾ ਹੈ, ਉਹ ਹੀ 'ਕੁੰਤਾਪ ਸੂਕਤ' ਹਨ।

ਵੇਦਾਂ ਤੋਂ ਬਾਅਦ ਉਪਨਿਸ਼ਦਾਂ ਦੀ ਰਚਨਾ ਹੋਈ। ਜਿਨ੍ਹਾਂ ਵਿਚ ਸਾਨੂੰ ਲੋਕ ਕਥਾਵਾਂ ਦਾ ਕੁਝ ਅੰਸ ਪ੍ਰਾਪਤ ਹੁੰਦਾ ਹੈ। ਮੁਖ ਦਸ ਉਪਨਿਸ਼ਦਾਂ ਵਿਚ ਜਿਥੇ ਅਸਾਨੂੰ ਆਤਮਾ ਨੂੰ ਤਲਾਸ਼ ਅਤੇ ਉਸ ਦੀ ਡੂੰਘਿਆਈ ਨੂੰ ਪਤਾ ਕਰਨ ਵਾਲੀ ਪ੍ਰਵਿਰਤੀ ਮਿਲਦੀ ਹੈ, ਉਥੇ ਲੋਕ-ਕਹਾਣੀਆਂ ਦੇ ਆਧਾਰ ਤੇ ਜੀਵਨ ਦਰਸ਼ਨ ਦਾ ਸਪਸ਼ਟ ਦਿਗ ਦਰਸ਼ਨ ਵੀ ਪ੍ਰਾਪਤ ਹੁੰਦਾ ਹੈ। ਲੋਕ ਕਥਾਵਾਂ ਦਾ ਇਹ ਰੂਪ ਭਾਵੇਂ ਧਾਰਮਿਕ ਪਰੰਪਰਾਵਾਂ ਨਾਲ ਪੂਰਤ ਹੋਵੇ ਪਰ ਉਹਨਾਂ ਵਿਚ ਸਾਨੂੰ ਤਤਕਾਲੀ ਲੋਕ ਦਾ ਅਤੇ ਉਹਨਾਂ ਦੀਆਂ ਲੋਕ ਪਰੰਪਰਾਵਾਂ ਦਾ ਦਿਗ ਦਰਸ਼ਨ ਸਪਸ਼ਟ ਦ੍ਰਿਸ਼ਟੀ ਗੋਚਰ ਹੁੰਦਾ ਹੈ।

ਉਪਨਿਸ਼ਤਾਂ ਵਿਚ ਜਿਥੇ ਸਾਨੂੰ ਆਤਮਾ ਦੇ ਅਨੁਸੰਧਾਨ ਵਾਲੀਆਂ ਲੋਕ-ਕਥਾਵਾਂ ਪ੍ਰਾਪਤ ਹੁੰਦੀਆਂ ਹਨ, ਉਥੇ 'ਬ੍ਰਾਹਮਣ ਗ੍ਰੰਥਾਂ' ਵਿਚ ਲੋਕ ਕਥਾਵਾਂ ਨੂੰ ਪ੍ਰਤੀਕਾ ਅਤੇ ਉਪਮਾਵਾਂ ਦੇ ਰੂਪਕ ਵਿਚ ਬੰਨ੍ਹ ਕੇ ਪ੍ਰਸਤੁਤ ਕੀਤਾ ਗਇਆ ਹੈ। ਲੋਕ ਧਰਮੀ ਕਥਾ ਪਰੰਪ੍ਰਾ, ਉਹਨਾਂ ਦੀ ਸ਼ੈਲੀ ਭਾਵੇਂ ਤਤਕਾਲੀ ਲੋਕ ਲਈ ਸ਼ਿਖਸ਼ਾ ਦੇਣ ਵਾਲੀ ਜਾਂ ਦਾਰਸ਼ਨਿਕ ਰੂਪ ਨਾਲ ਪੂਰਿਤ ਹੋਵੇ ਪਰ ਇਹ ਵਰਤਮਾਨ ਕਾਲ ਵਿਚ ਤਾਂ ਲੋਕ ਸਾਹਿਤ ਤੋਂ ਇਲਾਵਾ ਹੋਰ ਨਹੀਂ ਮੰਨੀ ਜਾ ਸਕਦੀ।

ਬ੍ਰਾਹਮਣ ਗ੍ਰੰਥਾਂ ਤੋਂ ਬਿਨਾਂ 'ਸਿਮਰਤੀਆਂ' ਵਿਚ ਭੀ ਲੋਕ ਸਾਹਿੱਤ ਦਾ ਹੀ ਅੰਸ ਪ੍ਰਾਪਤ ਹੁੰਦਾ ਹੈ। ਸਿਮਰਤੀਆਂ ਦੀ ਬਣਤਰ ਤਾਂ ਪੂਰਣ ਰੂਪ ਵਿਚ 'ਸਿਮਰਣ ਜਾਂ ਯਾਦ ਕੀਤੀਆਂ ਹੋਈਆਂ ਤੋਂ ਹੀ ਹੋਈ ਹੈ, ਤਾਂ ਹੀ ਤਾਂ ਇਹਨਾਂ ਨੂੰ ਸਿਮਰਤੀ ਕਹਿਆ ਗਇਆ। ਲੋਕ ਸਾਹਿਤ ਵੀ ਵਧੇਰੇ ਕਰ ਕੇ ਸਿਮਰਤੀ ਦੇ ਆਧਾਰ ਤੇ ਹੀ ਆਪਣੀ ਲੰਮੀ ਯਾਤਰਾ ਦਾ ਰਸਤਾ ਅਸਾਨ ਕਰਦਾ ਹੈ।

ਚਲਦਾ

ਪ੍ਰੋ: ਕਰਤਾਰ ਸਿੰਘ ਸੂਰੀ--

# ਛਾਇਆਵਾਦ ਅਤੇ ਪੰਜਾਬੀ ਕਵਿਤਾ

ਛਾਇਆਵਾਦ ਇਕ ਅਜਿਹਾ ਸ਼ਬਦ ਹੈ, ਜਿਸ ਬਾਰੇ ਕਈ ਭੁਲੇਖੇ-ਤੇ ਗ਼ਲਤ-ਫਹਿਮੀਆ ਹਨ। ਵਿਦਵਾਨਾਂ ਵਿਚ ਇਸ ਸ਼ਬਦ ਨੂੰ ਲੈ ਕੇ ਕਾਫ਼ੀ ਮਤ ਭੇਦ ਚਲਦਾ ਰਹਿਆ ਹੈ ਅਤੇ ਅਜੇ ਤਕ ਬਰਾਬਰ ਚਲਿਆ ਆ ਰਹਿਆ ਹੈ। ਵਾਸਤਵ ਵਿਚ 'ਛਾਇਆਵਾਦ' ਸ਼ਬਦ ਦਾ ਪ੍ਰਯੋਗ ਹਿੰਦੀ ਕਾਵਿ-ਖੇਤਰ ਵਿੱਚ ਵੀ ਪਿਛਲੇ ਪੰਜਾਹ ਕੁ ਸਾਲਾਂ ਤੋਂ ਹੋਣਾ ਸ਼ੁਰੂ ਹੋਇਆ ਹੈ। ਇਸ ਤੋਂ ਪਹਿਲਾਂ ਹਿੰਦੀ ਸਾਹਿਤ ਲਈ ਵੀ ਇਹ ਸ਼ਬਦ ਓਪਰਾ ਸੀ, ਕੇਵਲ 'ਰਹੱਸਵਾਦ' ਸ਼ਬਦ ਹੀ ਮਿਲਦਾ ਸੀ। ਛਾਇਆਵਾਦ ਦੀਆਂ ਸੀਮਾਵਾਂ ਕਿਉਂਕਿ ਰਹੱਸਵਾਦ ਨਾਲ ਜਾ ਟਕਰਾਂਦੀਆਂ ਹਨ, ਅਤੇ ਦੂਹਾਂ ਵਿਚਕਾਰ ਅਤਿਅੰਤ ਸੂਖਮ ਅੰਤਰ ਹੈ, ਇਸ ਲਈ ਬਹੁਤ ਸਾਰੇ ਲੋਕਾਂ ਲਈ ਛਾਇਆਵਾਦ ਅਤੇ ਰਹੱਸਵਾਦ ਦਾ ਫ਼ਰਕ ਜਾਣਨਾ ਔਖਾ ਹੋ ਗਇਆ ਹੈ, ਅਤੇ ਇਹੋ ਕਾਰਨ ਹੈ ਕਿ ਛਾਇਆਵਾਦ ਤੇ ਰਹੱਸਵਾਦ ਨੂੰ ਇਕੋ ਚੀਜ਼ ਸਮਝ ਲੈਣ ਦੀਆਂ ਤਰੁਟੀਆਂ ਪੈਦਾ ਹੋ ਗਈਆਂ ਹਨ—ਖ਼ਾਸ ਕਰ ਕੇ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਇਨ੍ਹਾਂ ਦੋਹਾਂ ਵਾਦਾਂ ਨੂੰ ਅਕਸਰ ਮਿਲਾ ਦਿੱਤਾ ਜਾਂਦਾ ਹੈ, ਜਿਸ ਲਈ ਵਿਦਿਆਰਥੀਆਂ ਲਈ ਵੀ ਛਾਇਆਵਾਦ ਅਤੇ ਰਹੱਸਵਾਦ ਨੂੰ ਵਖਰਿਆਉਣਾ ਇਕ ਗੋਰਖ-ਧੰਦਾ ਬਣ ਗਇਆ ਹੈ। ਅਸਲ ਵਿੱਚ ਇਹ ਦੋਵੇਂ ਵਾਦ ਆਪਸ ਵਿੱਚ ਅਤਿ ਨਿਕਟ ਦਾ ਸੰਬੰਧ ਰਖਦੇ ਹੋਏ ਵੀ, ਆਪਣਾ ਵਖੋ ਵਖ ਅਸਤਿਤ੍ਵ ਰਖਦੇ ਹਨ।

**ਰਹੱਸਵਾਦ ਤੇ ਛਾਇਆਵਾਦ ਦਾ ਅੰਤਰ :** ਰਹੱਸਵਾਦ ਅੰਗਰੇਜ਼ੀ Mysticism ਦਾ ਪਰਿਯਾਯਵਾਚੀ ਸ਼ਬਦ ਹੈ। ਯੂਨਾਨੀ ਦਰਸ਼ਨ-ਵੇਤਾ ਸੁਦਾਸ (Suidas) ਨੇ ਲਿਖਿਆ ਹੈ ਕਿ ਰਹੱਸਵਾਦ ਦਾ ਪਰਿਆਵਾਚੀ ਯੂਨਾਨੀ ਭਾਖਾ ਦੇ ਸ਼ਬਦ 'My' ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਬੰਦ ਕਰਨਾ ਹੈ, ਜਾਂ ਚੁੱਪ ਹੋ ਜਾਣਾ ਹੈ। ਕਿਉਂਕਿ ਰਹੱਸਵਾਦੀ ਕਵੀ ਜਾਂ ਦਰਸ਼ਨ ਵੇਤਾ ਬਾਹਰਮੁਖੀ ਤੌਰ ਤੇ ਚੁੱਪ ਸਾਧ ਲੈਂਦੇ ਸਨ, ਤੇ ਆਪਣੇ ਆਪ ਨੂੰ ਲੌਕਿਕ ਸੰਸਾਰ ਤੋਂ ਦੂਰ ਲਿਜਾ ਕੇ (ਬੰਦ ਕਰਕੇ) ਅਲੌਕਿਕ-ਮੰਡਲਾਂ ਵਿੱਚ ਉਡਾਰੀਆਂ ਮਾਰਦੇ ਸਨ, ਇਸ ਲਈ ਉਨ੍ਹਾਂ ਨੂੰ mystic ਕਹਿਆ ਜਾਣ ਲੱਗ ਪਇਆ।

ਰਹੱਸਵਾਦ ਅੰਤਰਾਤਮਾ ਦੀ ਉਸ ਰਹੱਸਮਈ ਭਾਵਨਾ ਦਾ ਨਾਂ ਹੈ, ਜਿਸ

ਨਾਲ ਉਹ ਅਣਜਾਣੀ ਸ਼ਕਤੀ ਨੂੰ ਪ੍ਰਾਪਤ ਕਰਨਾ ਚਾਹੁੰਦੀ ਹੈ, ਅਤੇ ਉਸ ਨਾਲ ਅਜਿਹਾ ਡੂੰਘਾ ਸੰਬੰਧ ਜੋੜ ਲੈਣਾ ਲੋੜਦੀ ਹੈ, ਕਿ ਉਸ ਦਾ ਪ੍ਰੀਤਮ ਉਸ ਤੋਂ ਕਦੀ ਵਖਰਾ ਨਾ ਹੋ ਸਕੇ । ਦੂਜੇ ਸ਼ਬਦਾਂ ਵਿੱਚ ਜੀਵ-ਆਤਮਾ ਜਦੋਂ ਪਰਮ-ਆਤਮਾ (ਪ੍ਰਮਾਤਮਾ) ਨੂੰ ਮਿਲਣ ਲਈ ਤੜਪਦੀ ਹੈ, ਉਸ ਨਾਲ ਇਕ ਮਿੱਕ ਹੋਣ ਲਈ ਫੜਫੜਾਂਦੀ ਹੈ, ਬੂੰਦ ਵਾਂਗ ਉਸ ਸਾਗਰ ਵਿਚ ਸਮਾ ਕੇ ਆਪਣੀ ਵਖਰੀ ਹਸਤੀ ਮਿਟ ਦੇਣ ਲਈ ਵਿਆਕੁਲ ਹੁੰਦੀ ਹੈ, ਤਾਂ ਇਸ ਭਾਵਨਾ ਨੂੰ ਰਹੱਸਵਾਦੀ ਭਾਵਨਾ ਕਹਿਆ ਜਾਂਦਾ ਹੈ । ਜਦੋਂ ਜੀਵ ਇਸ ਭਾਵਨਾ ਨੂੰ ਪ੍ਰਾਪਤ ਕਰ ਲੈਂਦਾ ਹੈ, ਤੇ ਉਸ ਦੇ ਪ੍ਰੇਮ ਵਿਚ ਏਨਾ ਲੀਨ ਹੋ ਜਾਂਦਾ ਹੈ ਕਿ ਉਸ ਨੂੰ ਆਪਣੇ ਆਪ ਦੀ ਕੋਈ ਸੋਝੀ ਨਹੀ ਰਹਿੰਦੀ, ਉਹ 'ਖ਼ੁਦ-ਫ਼ਰਾਮੋਸ਼ੀ' ਦੀ ਅਵਸਥਾ ਵਿੱਚ ਪਹੁੰਚ ਜਾਂਦਾ ਹੈ—ਉਸ ਨੂੰ ਆਪਣੇ ਤੇ ਪਰਮਾਤਮਾ ਵਿੱਚ ਇਕਰੂਪਤਾ ਦਾ ਅਨੁਭਵ ਹੋਣ ਲਗ ਪੈਂਦਾ ਹੈ, ਇਕ ਵਿੱਚ ਦੂਸਰੇ ਦੇ ਗੁਣਾਂ ਦੀ ਝਲਕ ਪੈਣ ਲਗ ਪੈਂਦੀ ਹੈ । ਜੀਵ ਬਾਹਰਲੀਆਂ ਪ੍ਰਵ੍ਰਿਤੀਆਂ ਨੂੰ ਤਿਆਗ ਕੇ ਭਾਵਨਾ ਦੇ ਦੇਸ਼ ਵਿਚ ਪਹੁੰਚ ਜਾਂਦਾ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਭਾਈ ਵੀਰ ਸਿੰਘ ਜੀ ਲਿਖਦੇ ਹਨ :— .

"ਬੈਠ ਵੇ ਗਿਆਨੀ ਬੁਧੀ ਮੰਡਲੇ ਦੀ ਕੈਦ ਵਿਚ
ਵਲਵਲੇ ਦੇ ਦੇਸ਼ ਸਾਡੀ ਲਗ ਗਈਆਂ ਯਾਰੀਆਂ ।"

ਇਸ ਭਾਵਨਾ, ਜਾਂ ਵਲਵਲੇ ਦੇ ਦੇਸ਼ ਵਿਚ ਪਹੁੰਚ ਕੇ 'ਮੈਂ', 'ਮੇਰਾ', 'ਤੂੰ', 'ਤੇਰਾ' ਦਾ ਗਿਆਨ ਨਹੀਂ ਰਹਿੰਦਾ । ਇਹੋ ਰਹੱਸਵਾਦ ਹੈ ।

ਸੰਖੇਪ ਵਿਚ ਆਤਮਾ ਤੇ ਪਰਮਾਤਮਾ ਦੇ ਇਕ ਮਿਕ ਹੋਣ ਦਾ ਨਾਂ ਰਹੱਸਵਾਦ ਹੈ । ਜਦੋਂ ਜੀਵ ਪ੍ਰਮਾਤਮਾ ਦੇ ਪ੍ਰੇਮ-ਅਨੰਦ ਵਿੱਚ ਏਨਾ ਡੁੱਬ ਜਾਂਦਾ ਹੈ ਕਿ ਭਾਵਾਂ ਦੀ ਪ੍ਰਬਲਤਾ ਤੇ ਵੇਗ ਕਾਰਨ ਆਪਣੀਆਂ ਭਾਵਨਾਵਾਂ ਨੂੰ ਪ੍ਰਗਟਾਉਣ ਤੋਂ ਅਸਮਰਥ ਹੋ ਜਾਂਦਾ ਹੈ, ਤਾਂ ਉਸ ਨੂੰ ਸੰਕੇਤਾਂ ਤੇ ਚਿੰਨ੍ਹਾਂ ਦਾ ਪ੍ਰਯੋਗ ਕਰਨਾ ਪੈਂਦਾ ਹੈ । 'ਲੌਕਿਕ ਭਾਸ਼ਾ ਵਿੱਚ ਅਲੌਕਿਕ ਗੀਤ ਗਾਣੇ ਕਠਨ ਹਨ' ਇਸ ਲਈ ਸੰਕੇਤਾਂ ਤੇ ਚਿੰਨ੍ਹਾਂ ਦਾ ਆਸਰਾ ਲਾਇਆ ਜਾਣਾ ਜ਼ਰੂਰੀ ਹੈ । ਗੁਰੂ ਗ੍ਰੰਥ ਸਾਹਿਬ ਵਿੱਚ ਰਹੱਸਵਾਦੀ ਬਾਣੀ ਦੇ ਖ਼ਜ਼ਾਨੇ ਭਰੇ ਹੋਏ ਹਨ । ਸੂਫ਼ੀ ਕਵੀਆਂ ਦੀ ਸਾਰੀ ਕਵਿਤਾ ਰਹੱਸਵਾਦੀ ਹੈ, ਜੋ ਚਿੰਨ੍ਹ-ਰੂਪਾਂ ਵਿੱਚ ਪ੍ਰਗਟਾਈ ਗਈ ਹੈ । ਫ਼ਰੀਦ ਜੀ ਜਦੋਂ ਪ੍ਰਮਾਤਮਾ ਦੀ ਮਿਲਣ-ਸਿਕ ਵਿੱਚ ਤੜਫਦੇ ਹਨ, ਉਸ ਦੀ ਛੁਹ ਲਈ ਤਰਸਦੇ ਹਨ, ਤਾਂ ਆਪਣੀ ਇਸ ਭਾਵਨਾ ਨੂੰ ਉਹ ਸੰਸਾਰਕ ਦੰਪਤੀ-ਚਿੰਨ੍ਹਾਂ ਰਾਹੀਂ ਪ੍ਰਗਟਾਉਂਦੇ ਹਨ :—

'ਅਜੁ ਨਾ ਸੁਤੀ ਕੰਤ ਸਿਉ
ਅੰਗੁ ਮੁੜੇ ਮੁੜ ਜਾਇ ।
ਜਾਇ ਪੁਛਹੁ ਡੋਹਾਗਣੀ
ਤੁਮ ਕਿਉਂ ਰੈਣ ਵਿਹਾਇ ।'

**ਛਾਇਆਵਾਦ—**

'ਛਾਇਆਵਾਦ' ਸ਼ਬਦ ਸਾਡੇ ਦੇਸ਼ ਵਿੱਚ ਅੰਗ੍ਰੇਜ਼ੀ Romanticism ਤੋਂ ਆਇਆ ਹੈ । ਫ਼ਰਾਂਸ ਦੀ ਸਫ਼ਲ ਕ੍ਰਾਂਤੀ ਪਿਛੋਂ ਲੋਕਾਂ ਵਿੱਚ ਨਵਾਂ ਚਾਅ ਤੇ ਹੁਲਾਸ ਭਰ ਗਇਆ । ਕਵੀਆਂ ਨੇ ਕੁਦਰਤ ਵਲ ਮੂੰਹ ਮੋੜਿਆ, ਸ਼ਿੰਗਾਰ ਦੀ ਭਾਵਨਾ ਪ੍ਰਬਲ ਹੋਈ, ਤੇ ਬਾਹਰੀ ਜਗਤ ਦੀ ਥਾਂ ਅੰਤਰ-ਜਗਤ ਦੀ ਪ੍ਰਵ੍ਰਿਤੀ ਵਧੀ । ਇਸ ਤੋਂ ਪਹਿਲਾਂ ਅੰਗਰੇਜ਼ੀ ਸਾਹਿੱਤ ਵਿੱਚ ਕਵਿਤਾ ਪਰੰਪਰਾਗਤ ਸੀ, ਜਿਸ ਵਿੱਚ ਬਨਾਉਟੀ ਅਲੰਕਾਰਾਂ ਦਾ ਚਮਤਕਾਰ ਤੇ ਸ਼ਬਦ-ਅਡੰਬਰ ਦੀ ਭਰਮਾਰ ਹੁੰਦੀ ਸੀ । ਕੇਵਲ ਭਾਸ਼ਾ ਦੀ ਸ਼ੁਧਤਾ ਉੱਤੇ ਜ਼ੋਰ ਲਾਇਆ ਜਾਂਦਾ ਸੀ । ਕਵੀਆਂ ਦੀ ਕਾਵਿ-ਪ੍ਰੇਰਣਾ ਦਾ ਅਧਾਰ ਜੀਵਨ ਦੇ ਮੌਲਿਕ ਅਨੁਭਵ ਜਾਂ ਪ੍ਰਕ੍ਰਿਤੀ ਹੋਣ ਦੀ ਥਾਂ ਪੁਰਾਤਨ ਗ੍ਰੰਥ ਹੁੰਦੇ ਸਨ, ਜਿਸ ਨਾਲ ਕਵਿਤਾ ਵਿੱਚ ਮੌਲਿਕਤਾ ਤੇ ਸੁਭਾਵਿਕਤਾ ਉੱਕਾ ਹੀ ਨਹੀਂ ਸੀ ਆ ਸਕਦੀ—ਕਵੀ ਦੇ ਅੰਦਰਲੇ ਦੀ ਸਹੀ ਝਾਕੀ ਵੀ ਮਿਲਣੀ ਮੁਸ਼ਕਲ ਸੀ । ਵਰਡਜ਼ਵਰਥ, ਸ਼ੈਲੇ, ਕਾਲਰਿਜ, ਬਾਇਰਨ, ਕੀਟਸ ਆਦਿ ਕਵੀਆਂ ਰਾਹੀਂ ਅੰਗ੍ਰੇਜ਼ੀ ਕਵਿਤਾ ਵਿੱਚ ਨਵੀਂ ਰੂਹ ਪੈਦਾ ਹੋਈ । ਉਨ੍ਹਾਂ ਨੇ ਕਵਿਤਾ ਨੂੰ ਪ੍ਰਕਿਰਤੀ, ਪ੍ਰੇਮ, ਸੁੰਦਰਤਾ ਤੇ ਮਾਨਵ-ਜੀਵਨ ਵਲ ਮੋੜਿਆ , ਉਹ ਪ੍ਰਕ੍ਰਿਤੀ ਰਾਹੀਂ ਅਗਿਆਤ ਸ਼ਕਤੀ ਨੂੰ ਦੇਖਣ ਤੋਂ ਲੈ ਕੇ ਪ੍ਰੇਮਿਕਾ ਦੇ ਲੌਕਿਕ ਪ੍ਰੇਮ ਤਕ ਨੂੰ ਆਪਣੀ ਕਵਿਤਾ ਵਿੱਚ ਪਰੋਣ ਲੱਗੇ, ਜਿਸ ਨਾਲ ਭਾਵਾਂ ਵਿੱਚ ਗੰਭੀਰਤਾ ਤੇ ਸਜੀਵਤਾ ਆ ਗਈ । ਪ੍ਰਕਿਰਤੀ ਵਲ ਕਵੀਆਂ ਦਾ ਦ੍ਰਿਸ਼ਟੀਕੋਣ ਬਦਲ ਗਇਆ । ਹੁਣ ਉਹ ਕੇਵਲ ਜੜ੍ਹ ਉਦੀਪਨ ਨਾ ਰਹਿ ਕੇ ਚੇਤੰਨ ਸੱਤਾ ਹੋ ਗਈ ਤੇ ਮਾਨਵ-ਜੀਵਨ ਨਾਲ ਉਸ ਦਾ ਗੂੜ੍ਹਾ ਸੰਬੰਧ ਸਥਾਪਿਤ ਹੋ ਗਇਆ ।

ਇਸ ਪ੍ਰੀਵਰਤਨ ਦਾ ਪ੍ਰਭਾਵ ਕਾਵਿ-ਸ਼ੈਲੀ ਤੇ ਵੀ ਪੈਣਾ ਜ਼ਰੂਰੀ ਸੀ । ਹੁਣ ਕਵਿਤਾ ਵਿਚ ਕੋਰੇ ਸ਼ਬਦ ਅਡੰਬਰ, ਅਲੰਕਾਰ-ਚਮਤ੍ਕਾਰ ਤੇ ਵਿਆਕਰਣ ਦੀ ਸ਼ੁਧਤਾ ਦੀ ਮਹੱਤਤਾ ਨਾ ਰਹਿ ਕੇ ਭਾਵਾਂ ਤੇ ਕਲਪਨਾ ਦੇ ਸਰਲ ਤੇ ਸੁਭਾਵਿਕ ਪ੍ਰਗਟਾ ਉੱਤੇ ਜ਼ੋਰ ਦਿਤਾ ਜਾਣ ਲਗ ਪਿਆ ।

ਇਸ ਅੰਗ੍ਰੇਜ਼ੀ ਰੋਮਾਂਟਿਕ ਕਵਿਤਾ ਦਾ ਪ੍ਰਭਾਵ ਭਾਰਤੀ ਕਾਵਿ ਉੱਤੇ ਵੀ ਪਇਆ । ਭਾਰਤੀ ਕਵਿਤਾ—ਬੰਗਲਾ, ਹਿੰਦੀ, ਗੁਜਰਾਤੀ, ਮਰਾਠੀ ਤੇ ਪੰਜਾਬੀ ਕਵਿਤਾ ਨੇ ਛਾਇਆਵਾਦ ਨੂੰ ਅਪਨਾਇਆ । ਇਥੇ ਇਕ ਗਲ ਸਮਝ ਲੈਣੀ ਬੜੀ ਜ਼ਰੂਰੀ ਹੈ ਕਿ ਹਿੰਦੀ ਕਵਿਤਾ ਨੇ ਜਿਥੇ ਅੰਗ੍ਰੇਜ਼ੀ ਰੋਮਾਂਟਿਕ ਕਵਿਤਾ ਨੂੰ ਵਧੇਰੇ ਅੰਤਰਮੁਖੀ ਸੂਖਮ ਤੇ ਅਧਿਆਤਮਕ ਲਗਣ ਦੇ ਕੇ ਇਕ ਨਵੀਂ ਸ਼ਕਲ ਦੇ ਦਿੱਤੀ ਤੇ ਰਹੱਸਵਾਦ ਦੇ ਵਧੇਰੇ ਨੇੜੇ ਲੈ ਆਂਦਾ, ਓਥੇ ਪੰਜਾਬੀ ਕਵਿਤਾ ਨੇ ਅੰਗ੍ਰੇਜ਼ੀ ਰੋਮਾਂਟਿਕ ਕਵਿਤਾ ਨੂੰ ਉਸੇ ਤਰ੍ਹਾਂ ਸਿੱਧਾ ਅਪਣਾ ਲਇਆ । ਇਹੋ ਕਾਰਣ ਹੈ ਕਿ ਸਾਡੇ ਛਾਇਆਵਾਦੀ ਕਵੀ—ਚਾਤ੍ਰਿਕ, ਮੋਹਨ ਸਿੰਘ ਤੇ ਸਫ਼ੀਰ ਆਦਿ ਅੰਗ੍ਰੇਜ਼ੀ ਰੋਮਾਂਟਿਕ ਕਵੀਆਂ ਦੇ ਵਧੇਰੇ

ਨੇੜੇ ਹਨ ਬਨਿਸਬਤ ਹਿੰਦੀ ਛਾਇਆਵਾਦੀ ਕਵੀਆਂ ਦੇ। ਹਿੰਦੀ ਛਾਇਆਵਾਦੀ ਕਵੀ ਜੈ ਸ਼ੰਕਰ ਪ੍ਰਸਾਦ, ਸੁਮਿਤ੍ਰਾ ਨੰਦਨ ਪੰਤ, ਮਹਾਂ ਦੇਵੀ ਵਰਮਾ, ਨਿਰਾਲਾ ਤੇ ਰਾਮ ਕੁਮਾਰ ਵਰਮਾ ਸਾਡੇ ਛਾਇਆਵਾਦੀ ਕਵੀਆਂ ਨਾਲੋਂ ਬਹੁਤ ਵਖਰੇ ਹਨ। ਇਹ ਅੰਤਰ ਬਹੁਤਾ ਇਸ ਤਰ੍ਹਾਂ ਹੈ ਕਿ ਹਿੰਦੀ ਦੇ ਛਾਇਆਵਾਦੀ ਕਵੀਆਂ ਦੀ ਕਵਿਤਾ ਵਿੱਚ ਨਿਰਾਸ਼ਾ, ਪਲਾਇਨ ਤੇ ਨਿਸ਼ਕਰਮਤਾ ਦੀ ਭਾਵਨਾ ਪ੍ਰਬਲ ਹੈ, ਪਰ ਸਾਡੇ ਪੰਜਾਬੀ ਛਾਇਆਵਾਦੀ ਕਵੀਆਂ ਵਿੱਚ ਆਸ਼ਾ ਦੀ ਝਲਕ ਵਧੇਰੇ ਹੈ।

**ਛਾਇਆਵਾਦ ਦੀਆਂ ਮੁਖ ਪ੍ਰਵ੍ਰਿਤੀਆਂ**—ਛਾਇਆਵਾਦੀ ਕਵਿਤਾ ਵਿਚ ਪ੍ਰਕ੍ਰਿਤੀ ਪ੍ਰੇਮ, ਤਨਮਯਤਾ ਤੇ ਮਿਲਣ-ਇੱਛਾ ਦੀ ਸੁਰ ਸਭ ਤੋਂ ਉੱਚੀ ਹੈ। ਪ੍ਰਕ੍ਰਿਤੀ ਨੂੰ ਇਨ੍ਹਾਂ ਕਵੀਆਂ ਨੇ ਸਦਾ ਨਾਰੀ ਦੇ ਰੂਪ ਵਿੱਚ ਹੀ ਦੇਖਿਆ ਹੈ। ਇਸ ਤੋਂ ਛੁਟ ਪ੍ਰਕਿਰਤੀ ਦੇ ਮਾਧਿਅਮ ਰਾਹੀਂ ਹੀ ਉਨ੍ਹਾਂ ਨੇ ਆਪਣੀ ਸੁੰਦਰਤਾ ਦੀ ਭਾਵਨਾ, ਸ਼ਿੰਗਾਰ-ਭਾਵਨਾ ਅਤੇ ਜੀਵਨ-ਦਰਸ਼ਨ ਨੂੰ ਪ੍ਰਗਟਾਇਆ ਹੈ। ਸੋ ਛਾਇਆਵਾਦੀ-ਕਾਵਿ ਦੀਆਂ ਪ੍ਰਧਾਨ ਪ੍ਰਵਰਤੀਆਂ ਇਸ ਪਕਾਰ ਸਨ :

੧. ਪ੍ਰਕ੍ਰਿਤੀ ਪ੍ਰੇਮ
੨. ਸੁੰਦਰਤਾ ਦੀ ਭਾਵਨਾ
੩. ਸ਼ਿੰਗਾਰ ਭਾਵਨਾ।
੪. ਅਗਿਆਤ (ਪ੍ਰਮਾਤਮਾ) ਲਈ ਪ੍ਰੇਮ।

ਪ੍ਰਕਿਰਤੀ ਨੂੰ ਛਾਇਆਵਾਦੀ ਕਵੀਆਂ ਨੇ ਕਈ ਰੂਪਾਂ ਵਿਚ ਪ੍ਰਗਟ ਕੀਤਾ ਹੈ, ਜਿਹਾ ਕਿ—

(ੳ) ਪ੍ਰਕ੍ਰਿਤੀ ਦਾ ਸੁਤੰਤਰ ਵਰਣਨ।
(ਅ) ਪ੍ਰਕਿਰਤੀ ਦਾ ਮ਼ਾਨਵ-ਕਰਣ (Personification of nature)
(ੲ) ਅਗਿਆਤ ਪ੍ਰੇਮ ਦੇ ਰੂਪ ਵਿੱਚ।

ਅੰਗ੍ਰੇਜ਼ੀ ਛਾਇਆਵਾਦੀ ਕਵੀ ਵਰਡਜ਼ਵਰਥ ਵਾਂਗ ਪੰਜਾਬੀ ਵਿਚ ਕਿਰਪਾ ਸਾਗਰ ਤੇ ਧਨੀ ਰਾਮ ਚਾਤ੍ਰਿਕ ਨੇ ਪ੍ਰਕਿਰਤੀ ਦਾ ਸੁਤੰਤਰ ਵਰਣਨ ਕੀਤਾ ਹੈ। ਉਨ੍ਹਾਂ ਨੇ ਆਮ ਤੌਰ ਤੇ ਨਾ ਤਾਂ ਕੁਦਰਤ ਨੂੰ ਚਿੰਨ੍ਹ ਰੂਪ ਵਿਚ ਚਿਤਰਿਆ ਹੈ, ਨਾ ਹੀ ਕਿਸੇ ਹੋਰ ਡੂੰਘੇ ਅਰਥ ਵਿੱਚ। 'ਲਕਸ਼ਮੀ ਦੇਵੀ' ਵਿੱਚ ਕਿਰਪਾ ਸਾਗਰ ਦਾ ਸੁਤੰਤਰ ਕੁਦਰਤ-ਵਰਣਨ ਵੇਖੋ :

'ਜਿੰਨੇ ਫੁਲ ਜਹਾਨ ਦੇ ਥਾਂ ਥਾਂ ਖਿੜੇ ਨਿਸ਼ੰਗ।
ਬ੍ਰਿਛਾਂ ਦੇ ਸੰਗ ਲਗੀਆਂ ਵੇਲਾਂ ਰੰਗ ਬਰੰਗ।
ਲਪਟਾਂ ਦੇਂਦਾ ਵ੍ਹਾ ਨੂੰ ਕਿਤੇ ਚੰਬੇਲੀ ਫੁਲ।
ਨਰਗਸ ਮਾਰੇ ਅੱਖੀਆਂ ਬਾਹਰ ਤ੍ਰੇੜੋ ਝੁਲ।'

ਚਾਤ੍ਰਿਕ ਦੀ ਕਵਿਤਾ ਵਿੱਚ ਕੁਦਰਤ ਦਾ ਇਹ ਰੂਪ ਬੜਾ ਪ੍ਰਬਲ ਤੇ ਪ੍ਰਭਾਵਸ਼ਾਲੀ ਹੈ। 'ਬਸੰਤ' ਕਵਿਤਾ ਵਿਚ ਕਵੀ ਮੌਸਮ ਬਹਾਰ ਦਾ ਚਿਤਰ ਇੰਜ ਚਿਤਰਦਾ ਹੈ :

'ਕੱਕਰਾਂ ਨੇ ਲੁਟ ਪੁਟ, ਨੰਗ ਕਰ ਛੱਡੇ ਰੁਖ।
ਹੋ ਗਏ ਨਿਹਾਲ ਅਜ ਪੁੰਗਰ ਕੇ ਡਾਲੀਆਂ।
ਡਾਲੀਆਂ ਕਚਾਹ ਵਾਂਗ ਕੂਲੀਆਂ ਨੂੰ ਜਿਦ ਪਈ।
ਆਲ੍ਹਣੇ ਦੇ ਬੋਟਾਂ ਵਾਂਗ ਖੰਭੀਆਂ ਉਛਾਲੀਆਂ।

ਇਸੇ ਤਰ੍ਹਾਂ 'ਗੁਲਾਬ', 'ਸਾਉਣ', 'ਕਸ਼ਮੀਰ', 'ਜਿਹਲਮ ਦਰਿਆ' ਆਦਿ ਕਵਿਤਾਵਾਂ ਰਾਹੀਂ ਚਾਤ੍ਰਿਕ ਦਾ ਸੁਤੰਤਰ ਪ੍ਰਕਿਰਤੀ ਚਿਤਰਣ ਮਿਲਦਾ ਹੈ।

ਇਸ ਤੋਂ ਛੁਟ ਪ੍ਰੋ: ਮੋਹਨ ਸਿੰਘ ਦੀ ਕਵਿਤਾ ਵਿਚ ਵੀ ਕਿਤੇ ਕਿਤੇ ਕੁਦਰਤ ਦੇ ਇਸ ਖੁਲ੍ਹੇ ਰੂਪ ਦੀ ਮੁਹਾਰ ਮਿਲਦੀ ਹੈ।

ਪ੍ਰਕਿਰਤੀ ਦਾ ਮਾਨਵੀਕਰਣ ਛਾਇਆਵਾਦੀ ਕਵੀਆਂ ਦੀ ਮੁਖ-ਪ੍ਰਵਿਰਤੀ ਰਹੀ ਹੈ। ਕੀ ਅੰਗ੍ਰੇਜ਼ੀ, ਕੀ ਹਿੰਦੀ ਤੇ ਕੀ ਪੰਜਾਬੀ ਵਿੱਚ ਕੁਦਰਤ ਨੂੰ ਸਾਡੀਆਂ ਭਾਵਨਾਵਾਂ ਦਾ ਪ੍ਰਤੀਕ ਬਣਾ ਕੇ ਪੇਸ਼ ਕੀਤਾ ਗਇਆ ਹੈ। ਪ੍ਰਕਿਰਤੀ ਕਦੇ ਇਕ ਇਸਤ੍ਰੀ ਦੇ ਰੂਪ ਵਿੱਚ ਸਾਡੇ ਸਾਹਮਣੇ ਆਉਂਦੀ ਹੈ, ਕਦੀ ਉਹ ਸਾਡੇ ਦੁਖ ਸੁਖ ਵਿਚ ਸ਼ਾਮਲ ਹੋ ਅਥਰੂ ਵਹਾਉਂਦੀ ਤੇ ਮੁਸਕਰਾਂਦੀ ਹੈ। ਕਵੀ ਚਾਤ੍ਰਿਕ, ਜੋ ਕੁਦਰਤ ਦਾ ਸੁਤੰਤਰ ਵਰਣਨ ਕਰਦਾ ਅਸਾਂ ਵੇਖਿਆ ਹੈ, ਉਹ ਵੀ ਸਮੁੱਚੀ ਬਸੰਤ ਰੁਤ ਨੂੰ ਪੀਲੇ ਭੋਛਣਾਂ ਨਾਲ ਸ਼ਿੰਗਾਰੀ ਇਕ ਮਸਤ ਮੁਟਿਆਰ ਦੇ ਰੂਪ ਵਿੱਚ ਚਿਤਰਦਾ ਹੈ :

"ਫੁੱਲਾਂ ਦੀ ਪਟਾਰੀ ਪੀਲੇ ਭੋਛਣੀ ਸ਼ਿੰਗਾਰੀ।
ਇਹ ਛਲੇਡੋ ਜਿਹੀ ਨਾਰੀ ਕੇਹੀ ਚੰਚਲ ਕੁਮਾਰੀ ਹੈ।
ਪਾਇਲਾਂ ਕੀ ਪਾਵੇ, ਕਲਾਂ ਸੁੱਤੀਆਂ ਜਗਾਵੇ ਪਈ,
ਚਿੱਤ ਹੋਇਆ ਚਿਤ, ਚੜ੍ਹੀ ਅੱਖਾਂ ਨੂੰ ਖੁਮਾਰੀ ਹੈ।
ਰੁਖ, ਬੂਟੇ, ਫ਼ਲ, ਪਤ, ਘਾਹ, ਤ੍ਰਿਣ, ਪਸੂ, ਪੰਛੀ
ਮੋਹ ਸ੍ਰਿਸ਼ਟ ਸਾਰੀ ਬਾਲ, ਬ੍ਰਿਧ, ਨਰ ਨਾਰੀ ਹੈ।
ਧੱਕਾ ਮਾਰ ਆਖਿਆ ਸੁਗੰਧ ਭਿੰਨੀ ਪੌਣ ਅਗੋਂ
'ਹਟ ਜਾਓ ਲੋਕੋ ਇਹ ਬਸੰਤ ਦੀ ਸਵਾਰੀ ਹੈ।"

ਕਵੀ ਮੋਹਨ ਸਿੰਘ ਸਹੀ ਅਰਥਾਂ ਵਿਚ ਛਾਇਆਵਾਦੀ ਕਵੀ ਹੈ, ਜਿਸ ਨੇ ਵਰਡਜ਼ਵਰਥ ਤੇ ਬਰਾਊਨਿੰਗ ਵਾਂਗ ਕੁਦਰਤ ਦਾ ਮਾਨਵੀਕਰਣ ਬੜੀ ਸਫ਼ਲਤਾ ਨਾਲ ਕੀਤਾ ਹੈ। 'ਲਿੱਧਰੀ' ਨਦੀ ਨੂੰ ਉਹ ਸਹੇਲੀ ਬਣਾ ਕੇ ਉਸ ਨਾਲ ਖੇਡਣ ਦਾ ਸੁਆਦ ਮਾਣਦਾ ਹੈ—

"ਚਲ ਚਲ ਨੀ ਮੇਰੀਏ ਸਹੇਲੀਏ
ਉਨ੍ਹਾਂ ਚੀਲ੍ਹਾਂ ਥੱਲੇ ਖੇਡੀਏ।
ਨੀ ਤੂੰ ਬੇਸ਼ਕ ਲਹਿਰਾਂ-ਵੀਣੀਆਂ
ਮੇਰੇ ਗਲ ਗਲ ਘੱਤ ਜੁਗ ਜੁਗ ਜੀਣੀਆਂ
ਨੀ ਤੂੰ ਬੇਸ਼ਕ ਹਿਕ ਉਭਾਰ ਨੀ,
ਮੇਰੀ ਹਿੱਕ ਨਾਲ ਲਾ ਲਾ ਠਾਰ ਨੀ।"

ਇਨ੍ਹਾਂ ਉਪਰੋਕਤ ਸਤਰਾਂ ਵਿਚ ਨਦੀ ਤੇ ਮੁਟਿਆਰ ਦਾ ਕੋਈ ਅਤਰ ਨਜ਼ਰ ਨਹੀਂ ਆਉਂਦਾ। ਨਦੀ ਇਕ ਮੁਟਿਆਰ ਵਾਂਗ ਜੀਉਂਦੀ ਜਾਗਦੀ ਹੁਸਨ ਤੇ ਜਵਾਨੀ ਦੀ ਤਸਵੀਰ ਬਣ ਸਾਡੇ ਸਾਹਮਣੇ ਆ ਖਲੋਂਦੀ ਹੈ। ਤੇ ਇਹੋ ਸਭ ਤੋਂ ਵੱਡੀ ਸਿਫ਼ਤ ਹੈ ਛਾਇਆਵਾਦ ਕਵੀ ਦੀ।

ਇਸੇ ਤਰ੍ਹਾਂ 'ਕਸ਼ਮੀਰ' ਕਵਿਤਾ ਵਿਚ ਇਹੋ ਕਵੀ ਉੱਚੀਆਂ ਲੰਮੀਆਂ ਚੀਲ੍ਹਾਂ ਦੇ ਬ੍ਰਿਛਾਂ ਨੂੰ ਸੁੰਦਰ ਮੁਟਿਆਰਾਂ ਦਾ ਰੂਪ ਧਾਰਦਾ ਦੇਖਦਾ ਹੈ:

"ਲਮ ਸਲੰਮੀਆਂ ਸੁੰਦਰ ਚੀਲ੍ਹਾਂ,
ਥਾਂ ਆਪਣੇ ਤੋਂ ਹੱਲੀਆਂ।
ਚੱਕਰ ਬੰਨ੍ਹ ਦਵਾਲੇ ਮੇਰੇ,
ਨਾਲ ਨਾਲ ਹੋ ਖਲੀਆਂ।
ਇਕ ਇਕ ਕਰ ਕੇ ਸੱਤ ਮੁਟਿਆਰਾਂ
ਭਿਤਨੀ ਵਿੱਚੋਂ ਲੰਘੀਆਂ।
ਹੌਲੀ ਹੌਲੀ ਨੇੜੇ ਆਈਆਂ,
ਕੁਝ ਖੁਲ੍ਹੀਆਂ ਕੁਝ ਸੰਗੀਆਂ।
... ... ...
ਸੱਤ ਹੁਲਾਰੇ ਦੇ ਕੇ ਮੈਨੂੰ,
ਹਸ ਪਈਆਂ ਮੁਟਿਆਰਾਂ।
ਕਿਰੇ ਉਨ੍ਹਾਂ ਦੇ ਮੂੰਹਾਂ ਵਿਚੋਂ,
ਕੇਸਰ ਫੁਲ ਹਜ਼ਾਰਾਂ।"

ਮੋਹਨ ਸਿੰਘ ਤੋਂ ਬਾਅਦ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਵਿਚ ਕੁਦਰਤ ਦਾ ਨਾਰੀ ਚਿਤਰਣ ਅਤਿਅੰਤ ਪ੍ਰਭਾਵਸ਼ਾਲੀ ਤੇ ਕਲਾਮਈ ਹੈ। 'ਸੂਰਜ' ਨਾਂ ਦੀ ਕਵਿਤਾ ਵਿਚ ਕਵਿਤਰੀ ਕੁਦਰਤ ਰਾਣੀ ਦੀ ਕੁੱਖ ਵਿਚੋਂ ਇਕ ਬੱਚੇ ਵਾਂਗ ਸੂਰਜ ਦੇ ਜਨਮ ਦੀ ਤਸਵੀਰ ਖਿਚਦੀ ਹੈ:

"ਤੜਕੇ ਤੜਕੇ
ਪੂਰਬ ਦੇ ਪੱਲੇ ਵਿਚ ਕੱਦੀ ਅੱਗ ਪਈ ਭੜਕੇ

ਤੜਕੇ ਤੜਕੇ
ਅਜ਼ਲਾਂ ਦੀ ਰਾਣੀ ਕੁਦਰਤ ਦੀ ਕੁੱਖ ਪਈ ਫਰਕੇ
ਤੜਕੇ ਤੜਕੇ
ਬਦਲਾਂ ਦੇ ਪੱਲੇ ਵਿਚ ਇਕ ਦਿਲ ਪਿਆ ਧੜਕੇ।''

(ਬਦਲਾਂ ਦੇ ਪੱਲੇ ਵਿਚ)

ਅੰਮ੍ਰਿਤਾ ਕੁਦਰਤ ਨੂੰ ਦੁਖ-ਸੁਖ ਵਿਚ ਸਾਂਝੀਵਾਲ ਵੀ ਬਣਾਂਦੀ ਹੈ। ਪ੍ਰੇਮੀ ਦੀ ਉਡੀਕ ਵਿਚ ਖੀਵੀ ਹੋਈ ਪ੍ਰੇਮਿਕਾ ਪੁਰੇ ਦੀ ਹਵਾ ਨੂੰ ਆਪਣੇ ਗੀਤ ਦੀ ਤਾਲ ਬਣਨ ਲਈ ਪ੍ਰੇਰਦੀ ਹੈ :

''ਵਗ ਵਗ ਪੁਰੇ ਦੀ ਵਾਏ ਕਿ ਸਜਣਾਂ ਨੇ ਅਜ ਆਉਣਾ
ਮੈਂ ਗਾਵਾਂਗੀ ਠੁਮਕ ਠੁਮਕ ਕੇ
ਤਾਲ ਦੇਵੀਂ ਤੂੰ ਰੁਮਕ ਰੁਮਕ ਕੇ
ਅਣੀ ਮਾਹੀਏ ਨੂੰ ਅਸੀਂ ਰੀਝਾਉਣਾ,
ਕਿ ਸਜਣਾਂ ਨੇ ਅਜ ਆਉਣਾ।''

(ਜੀਉਂਦਾ ਜੀਵਨ)

ਤੇ ਕਵਿਤਰੀ ਪ੍ਰਕ੍ਰਿਤੀ ਦੇ ਮਾਨਵੀਕਰਣ ਦੀ ਉਸ ਅਵਸਥਾ ਦਾ ਵੀ ਵਰਣਨ ਕਰਦੀ ਹੈ, ਜਿਥੇ ਨਾਰੀ ਤੇ ਪ੍ਰਕ੍ਰਿਤੀ ਆਪਸ ਵਿਚ ਇਕਮਿਕ ਹੋ ਜਾਂਦੀਆਂ ਹਨ। ਨਾਰੀ ਪ੍ਰਕ੍ਰਿਤੀ, ਤੇ ਪ੍ਰਕਿਰਤੀ ਨਾਰੀ ਬਣ ਜਾਂਦੀ ਹੈ। ਇਸ ਅਭੇਦਤਾ ਦਾ ਬਿਆਨ ਦੇਖੋ :

''ਫੁਲਾਂ ਉਂਧੀ ਪਾ ਲਈ ਹਾਏ,
ਮਾਲੀ ਨੂੰ ਕੌਣ ਬੁਲਾਵੇ।
ਕਲੀਆਂ ਝੋਲੇ ਪਾਂਦੀਆਂ ਪਈਆਂ,
ਟਾਹਣੀ ਦਾ ਲਕ ਲਚਕਾਵੇ।
ਪੱਤੀਆਂ ਦੇ ਮੂੰਹ ਮੁੜ ਮੁੜ ਜਾਂਦੇ,
ਤੇ ਡਾਲ ਵੀ ਝੁਕਦਾ ਜਾਵੇ।
ਸਦੋ ਨੀ ਸਈਓ, ਸਦੋ ਨੀ ਮਾਲੀ,
ਮੇਰਾ ਬੂਟਾ ਸੁਕਦਾ ਜਾਵੇ।''

(ਓ ਗੀਤਾਂ ਵਾਲਿਆ)

ਇਸੇ ਤਰ੍ਹਾਂ ਕਈ ਵਾਰੀ ਸਮੁਚੀ ਇਸਤਰੀ ਪ੍ਰਕਿਰਤੀ ਦੇ ਰੂਪ ਵਿਚ ਢਲ ਜਾਂਦੀ ਹੈ :

''ਤੂੰ ਅੰਬ ਦਾ ਬੂਰ ਭਲਾ, ਤੂੰ ਸਰ੍ਹਿਹੋਂ ਦਾ ਫੁਲ ਭਲਾ।
ਤੇਰਾ ਜੋਬਨ ਚੜ੍ਹਿਆ ਚੰਨ ਨੀ, ਮੈਂ ਕੀਕਣ ਤਾਰਾਂ ਮੁਲ ਭਲਾ।

(ਸਰਘੀ ਵੇਲਾ)

ਅੰਮ੍ਰਿਤਾ ਦੀ ਕਵਿਤਾ ਨਾਰੀ ਮਨ ਦੀ ਆਵਾਜ਼ ਹੈ, ਤੇ ਇਹ ਨਾਰੀ ਹਿਰਦਾ ਕਦੇ ਪ੍ਰਕ੍ਰਿਤੀ ਦੇ ਰੂਪ ਵਿਚ ਤੇ ਕਦੇ ਇਸਤਰੀ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦਾ ਹੈ।

ਪ੍ਰਭਜੋਤ ਕੌਰ ਵੀ ਕਾਲੇ ਬਦਲਾਂ ਦੀ ਸੁਨਹਿਰੀ ਕੰਨੀ ਨੂੰ ਕਿਸ ਕੁੜੀ ਦੀ ਚੁੰਨੀ ਬਣਾ ਪ੍ਰਕਿਰਤੀ ਦਾ ਮਾਨਵੀਕਰਣ ਕਰਦੀ ਸਾਨੂੰ ਦਿਸਦੀ ਹੈ :

ਕਾਲੇ ਬਦਲਾਂ ਦੀ ਸੁਨਹਿਰੀ ਕੰਨੀ,
ਖਬਰੇ ਵਿਛੀ ਹੋਈ ਏ ਏਥੇ,
ਕਿਸੇ ਕੁੜੀ ਦੀ ਚੁੰਨੀ !

(ਅਜ਼ਲ ਤੋਂ)

ਪਿਆਰਾ ਸਿੰਘ ਸਹਿਰਾਈ ਵਰਗੇ ਮਾਰਕਸਵਾਦੀ ਕਵੀ ਦੀਆਂ ਮੁਢਲੀਆਂ ਰਚਨਾਵਾਂ ਵਿਚ ਵੀ ਛਾਇਆਵਾਦ ਦੀ ਝਲਕ ਦੇਖੀ ਜਾ ਸਕਦੀ ਹੈ। ਚਿੜੀਆਂ ਦੀ ਚੂੰ ਚੂੰ ਵਿਚੋਂ ਉਸ ਨੂੰ ਸਮੁਚੀ ਪ੍ਰਕਿਰਤੀ ਗਾਉਂਦੀ ਜਾਪਦੀ ਹੈ :

ਕੱਕਰ ਪੰਘਰੇ, ਰੁਤਾਂ ਮੱਘੀਆਂ,
ਸੁਪਨੇ ਧੜਕੇ, ਸੱਧਰਾਂ ਜਗੀਆਂ,
ਪ੍ਰਕਿਰਤੀ ਪਈ ਗਾਵੇ,
ਚਿੜੀਆਂ ਚੂਕਦੀਆਂ।

(ਰੁਣਝੁਣ)

ਪ੍ਰਕ੍ਰਿਤੀ ਵਿਚੋਂ ਪਰਮਾਤਮਾ ਦੀ ਝਲਕ ਦੇਖਣ ਦੀ ਰੁਚੀ ਤਾਂ ਪਰੰਪਰਾ-ਗਤ ਹੈ। ਮਹਾਤਮਾ ਕਬੀਰ, ਗੁਰੂ ਨਾਨਕ ਦੇਵ ਜੀ ਤੇ ਦੂਸਰੇ ਸੰਤ ਕਵੀਆਂ ਨੇ ਕੁਦਰਤ ਵਿਚੋਂ ਕਾਦਰ ਨੂੰ ਦੇਖਿਆ ਤੇ ਬਲਿਹਾਰ ਗਏ। ਆਧੁਨਿਕ ਪੰਜਾਬੀ ਕਾਵਿ ਵਿਚ ਭਾਈ ਵੀਰ ਸਿੰਘ ਵਿਚ ਇਹ ਰੁਚੀ ਪ੍ਰਬਲ ਰਹੀ ਹੈ। 'ਮਟਕ ਹੁਲਾਰੇ', 'ਲਹਿਰਾਂ ਦੇ ਹਾਰ' ਤੇ 'ਬਿਜਲੀਆਂ ਦੇ ਹਾਰ' ਆਦਿ ਪੁਸਤਕਾਂ ਵਿਚ ਉਨ੍ਹਾਂ ਦਾ ਪ੍ਰਕਿਰਤੀ ਪ੍ਰੇਮ ਰਹੱਸਵਾਦ ਦੀ ਸੀਮਾ ਤਕ ਅਪੜ ਗਇਆ ਹੈ। 'ਵੈਰੀ ਨਾਗ' ਚਸ਼ਮੇ ਦੀ ਸੁੰਦਰਤਾ ਵਿਚੋਂ ਪ੍ਰਭੂ-ਸੁੰਦਰਤਾ ਦੀ ਝਲਕ ਕਵੀ ਨੂੰ ਪੈਂਦੀ ਹੈ :

ਵੈਰੀ ਨਾਗ ਤੇਰਾ ਪਹਿਲਾ ਝਲਕਾ,
ਜਦ ਅੱਖੀਆਂ ਨੂੰ ਵਜਦਾ।
ਕੁਦਰਤ ਦੇ ਕਾਦਰ ਦਾ ਜਲਵਾ,
ਲੈ ਲੈਂਦਾ ਇਕ ਸਜਦਾ।

(ਲਹਿਰ ਹੁਲਾਰੇ)

ਇਸੇ ਤਰ੍ਹਾਂ 'ਇਛਾਬਲ ਦਾ ਨਾਦ' ਇਲਾਹੀ ਰਾਗ ਵਿਚ ਬਦਲ ਜਾਂਦਾ ਹੈ। ਤੇ ਕਵੀ ਨੂੰ ਬੇ-ਖੁਦੀ ਦੀ ਅਵਸਥਾ ਵਿਚ ਪੁਚਾ ਦੇਂਦਾ ਹੈ :

ਇਛਾਬਲ ਜਦ ਨਾਦ ਤੇਰਾ ਆ,
ਪਹਿਲਾਂ ਕੰਨੀ ਪੈਂਦਾ।
ਭਰ ਸਰੂਰ ਸਿਰ ਵਿਚ ਇਕ ਜਾਂਦਾ,
ਝੂਮ ਇਲਾਹੀ ਲੈਂਦਾ।
ਹੀਰੇ ਵਰਗੀ ਚਮਕ ਨੀਰ ਦੀ,
ਅੱਖਾਂ ਨੂੰ ਮਸਤਾਂਦੀ।
ਬੇ-ਖੁਦੀਆਂ ਦਾ ਝੂਟਾ ਆਵੇ,
ਚੜ੍ਹਿਆ ਹੁਲਾਰਾ ਰਹਿੰਦਾ।

(ਲਹਿਰਾਂ ਦੇ ਹਾਰ)

ਪ੍ਰੀਤਮ ਸਿੰਘ ਸਫ਼ੀਰ ਵੀ ਭਾਈ ਵੀਰ ਸਿੰਘ ਵਾਂਗ ਕੁਦਰਤ ਵਿਚੋਂ ਕਾਦਰ ਦੀ ਨੁਹਾਰ ਦੇਖਦਾ ਹੈ। ਸਰਘੀ ਵੇਲੇ ਦੇ ਮੂੰਹ-ਝਾਖਰੇ ਵਿਚੋਂ ਉਹ 'ਸੰਵਾਤੇ ਬੋਲ' ਪਛਾਣਦਾ ਹੈ :

ਕੋਈ ਆਇਆ
ਸਰਘੀ ਸਾਰ ਮੇਰੇ ਕੋਲ
ਮੈਂ ਮੂੰਹ ਝਾਖਰੇ ਵਿਚ
ਸੰਵਾਤੇ ਬੋਲ
ਸੁਤੇ ਸੂਰਜ ਤੇ ਚੰਦ
ਤਾਰਿਆਂ ਦੀ ਲਿਸ਼ ਲਿਸ਼ ਬੰਦ
ਪਰ ਹਸਦੇ ਨੂਰਾਂ ਨਾਲ
ਭਰੀ ਮੇਰੀ ਏ ਝੋਲ।

(ਆਦਿ ਜੁਗਾਦਿ)

ਸੁੰਦਰਤਾ ਤੇ ਸ਼ਿੰਗਾਰ ਦੀ ਭਾਵਨਾ ਛਾਇਆਵਾਦੀ ਕਵੀਆਂ ਦੀ ਰਚਨਾ ਦਾ ਸਦੀਵੀ ਤੇ ਅਮਰ ਰੰਗ ਹੈ। ਅੰਗ੍ਰੇਜ਼ੀ ਰੋਮਾਂਟਿਕ ਕਵੀਆਂ ਵਿਚ ਵੀ ਇਹ ਭਾਵਨਾ ਤੀਖਣ ਹੈ। ਪੰਜਾਬੀ ਵਿਚ ਚਾਤ੍ਰਿਕ, ਮੋਹਣ ਸਿੰਘ, ਸਫ਼ੀਰ, ਅੰਮ੍ਰਿਤਾ, ਪ੍ਰਭਜੋਤ ਤੇ ਸੁਖਬੀਰ ਆਦਿ ਦੀ ਕਵਿਤਾ ਦਾ ਮੁਖ ਵਿਸ਼ਯ ਸ਼ਿੰਗਾਰ ਤੇ ਸੁੰਦਰਤਾ ਹੀ ਰਹਿਆਂ ਹੈ। ਇਨ੍ਹਾਂ ਦਾ ਸ਼ਿੰਗਾਰ ਭਾਵੇਂ ਸੰਜੋਗ-ਸ਼ਿੰਗਾਰ ਹੋਵੇ ਤੇ ਭਾਵੇਂ ਵਿਜੋਗ-ਸ਼ਿੰਗਾਰ, ਉਸ ਦਾ ਪ੍ਰਭਾਵ ਹਿੰਦੀ ਛਾਇਆਵਾਦੀ ਕਵੀਆਂ ਵਾਂਗ ਨਿਰਾਸ਼ਾਜਨਕ ਘਟ ਹੀ ਹੁੰਦਾ ਹੈ।

ਚਾਤ੍ਰਿਕ ਵੀ ਹੀਰ ਦੇ ਪ੍ਰੇਮ ਨੂੰ ਅਮਰ ਤੇ ਰੱਬੀ-ਪ੍ਰੇਮ ਦਰਸਾਂਦਾ ਹੈ :

ਅਲ੍ਹਾ ਦੇ ਵਾਸਤੇ ਹੀਰ ਨੂੰ,
ਪ੍ਰੇਮ ਤੋਂ ਨਾ ਹਟਾ ਨੀ ਮਾਂ।

ਮਾਹੀ ਦੇ ਮੁਖੜੇ ਮੋਹੀਆਂ,
ਅੱਖਾਂ ਨਾ ਫਿਰਾ ਨੀ ਮਾਂ।
ਪ੍ਰੇਮ ਤਾਂ ਰੱਬ ਦੀ ਜ਼ਾਤ ਹੈ,
ਪ੍ਰੇਮ ਹੀ ਕਾਇਨਾਤ ਹੈ।
ਮੈਨੂੰ ਤੇ ਸਾਫ ਝਲਕਦਾ,
ਬੁਤ ਦੇ ਵਿਚ ਖ਼ੁਦਾਂ ਨੀ ਮਾਂ।

ਮੋਹਨ ਸਿੰਘ ਪ੍ਰੇਮ ਦੀ ਅਵਸਥਾ ਦਾ ਨਕਸ਼ਾ ਇਸ ਤਰ੍ਹਾਂ ਖਿਚਦਾ ਹੈ :

ਕਿਹਾ ਨਿੱਕਾ ਨਿੱਕਾ ਰਹਿੰਦਾ ਸਰੂਰ,
ਨਾ ਹੀ ਪੂਰੀਆਂ ਹੋਸ਼ਾਂ ਮੈਨੂੰ,
ਨਾ ਮੈਂ ਨਸ਼ੇ ਵਿਚ ਚੂਰ।

(ਕਸੁੰਭੜਾ)

ਫਿਰ ਉਹ ਸਵਾਦ ਸਵਾਦ ਹੋ 'ਤਾਰਿਆਂ ਦੀ ਲੋਅ' ਵਿਚ ਲੇਟ ਜਾਂਦਾ ਹੈ :

ਸਵਾਦ ਸਵਾਦ ਮੈਂ ਲੇਟਿਆ,
ਤਾਰਿਆਂ ਦੀ ਨਿੰਮ੍ਹੀ ਨਿੰਮ੍ਹੀ ਲੋਅ।
ਅੱਖਾਂ ਭਰੀਆਂ ਸੁਫਨਿਆਂ,
ਮੇਰੀ ਹਿਕ ਭਰੀ ਖੁਸ਼ਬੋ।
ਝੁਕ ਝੁਕ ਤਾਰੇ ਅਰਸ਼ ਦੇ,
ਲੈਣ ਪਏ ਕਨਸੋਅ।
ਕੀ ਵੇਖੋ ਤੁਸੀ ਤਾਰਿਓ ?
ਕੀ ਲਵੋ ਕਨਸੋ ?
ਤੁਸੀ ਚੀਜ਼ ਕੋਈ ਅਰਸ਼ ਦੀ,
ਮੈਨੂੰ ਲੱਗੀ ਜ਼ਿਮੀ ਦੀ ਛੁਹ।

(ਕਸੁੰਬੜਾ)

ਤ ਅੰਮ੍ਰਿਤਾ ਪ੍ਰੀਤਮ ਪ੍ਰੇਮ ਦੀ ਅਵਸਥਾ ਦਾ ਮਨੋਵਿਗਿਆਨਕ ਚਿਤਰ ਖਿਚਦੀ ਹੈ— ਜਦੋਂ ਮੁਟਿਆਰ ਪ੍ਰੇਮ ਵਿਚ ਸੁਧ-ਬੁਧ ਗਵਾ ਬੈਠਦੀ ਹੈ :—

"ਅਜ ਕੀ ਹੋਇਆ ਏ ਮਾਏ,
ਸਾਨੂੰ ਪਤਾ ਨਹੀਉ ਹਾਏ।
ਪੂਣੀ ਖੁਸ ਖੁਸ ਜਾਏ,
ਮਾਹਲ ਡਿਗ ਡਿਗ ਜਾਏ।
ਤੰਦ ਟੁੱਟ ਟੁੱਟ ਜਾਏ,
ਮਣਕਾ ਲੱਥ ਲੱਥ ਜਾਏ

ਤੇ ਤਰਕਲੇ ਦੀ ਨੋਕ,
ਹੱਥੀਂ ਚੁਭ ਚੁਭ ਜਾਏ ।"

(ਬਦਲਾਂ ਦੇ ਪੱਲੇ ਵਿਚ)

ਪ੍ਰੇਮ ਦੀ ਇਸ ਭਾਵਨਾ ਦਾ ਵਰਣਨ ਪ੍ਰਭਜੋਤ ਇਸ ਪ੍ਰਕਾਰ ਕਰਦੀ ਹੈ :—

"ਗੀਤ ਮੇਰੇ ਅਜ ਗ਼ੈਬ 'ਚੋਂ ਜਾਗੇ,
ਨਚਣਾ ਚਾਹਣ ਤਾਲ ਮਿਲਾ ਕੇ ।
ਪੌਣ ਪਾਣੀ ਦੀ ਰਿਮ ਝਿਮ ਅੰਦਰ,
ਖੋਲ੍ਹ ਇਨ੍ਹਾਂ ਦੇ ਬੰਧਨ ਆ ਕੇ ।
ਮੈਂ ਬੌਰੀ ਤੂੰ ਬੌਰਾ ਹੋ ਜਾ,
ਪੀ ਕੇ ਪ੍ਰੀਤ ਨੈਣ-ਮਦਰਾ ਨੂੰ
ਤੂੰ ਵੀ ਅਜ ਵਿਸਮਾਦ 'ਚ ਖੋ ਜਾ ।"

(ਸੁਪਨੇ ਸੱਧਰਾਂ)

ਸੁਖਬੀਰ ਵਿਚ ਪ੍ਰੇਮ ਦਾ ਇਹ ਅਨੁਭਵ ਇਸ ਤਰ੍ਹਾਂ ਪ੍ਰਗਟ ਹੋਇਆ ਹੈ :

ਗੁਜ਼ਰ ਰਿਹਾ ਹੈ ਇਹ ਕੌਣ ਅਜ ਜਜ਼ਬਿਆਂ ਚੋਂ ਮੇਰੇ—
ਕਿ ਬਲ ਰਹੀ ਹੈ ਮੇਰੇ ਖਿਆਲਾਂ ਦੇ ਕਿੰਗਰਿਆਂ ਤੇ
ਸੈਆਂ ਹੀ ਜੋਤਾਂ ਦੀ ਦੀਪਮਾਲਾ
ਕਿਨੇ ਮੇਰੇ ਖਿਆਲ ਨੂੰ ਹੈ ਰੇਸ਼ਮ ਦੀ ਲਹਿਰ ਦਿਤੀ
ਕਿ ਫਿਰ ਇਹਨਾਂ ਹੀ ਰਾਹਾਂ ਉਤੇ ਪਿਆਰ ਦਾ ਮੈਨੂੰ ਮੂੰਹ ਵਿਖਾਲਾ ।

ਇਨ੍ਹਾਂ ਉਪਰੋਕਤ ਕਵੀਆਂ ਤੋਂ ਛੁਟ ਸੰਤੋਖ ਸਿੰਘ ਧੀਰ, ਹਰਿਭਜਨ ਸਿੰਘ, ਗੁਰਚਰਨ ਰਾਮਪੁਰੀ, ਸੁਰਜੀਤ ਰਾਮਪੁਰੀ, ਤਾਰਾ ਸਿੰਘ ਆਦਿ ਕਵੀਆਂ ਵਿਚ ਸ਼ਿਗਾਰ ਤੇ ਸੁੰਦਰਤਾ ਦੀ ਭਾਵਨਾ ਤੀਬਰ ਹੈ ।

ਅਜ ਦੇ ਬਹੁਤ ਸਾਰੇ ਪੰਜਾਬੀ ਕਵੀ ਛਾਇਆਵਾਦ ਦੇ ਘੇਰੇ ਚੋਂ ਨਿਕਲ ਕੇ ਸਮਾਜਵਾਦ ਵਲ ਮੁੜ ਰਹੇ ਹਨ ਅਤੇ ਪ੍ਰੇਮ ਦੀ ਥਾਂ ਲੋਕ-ਪ੍ਰੇਮ ਨੂੰ ਅਪਨਾ ਰਹੇ ਹਨ। ਉਨ੍ਹਾਂ ਦੀ ਕਲਮ ਵਿਅਕਤੀਗਤ ਦੁਖ ਸੁਖ ਨੂੰ ਬਿਆਨਣ ਦੀ ਥਾਂ ਜਨ-ਸਾਧਾਰਣ ਦੇ ਦੁਖ ਸੁਖ ਨੂੰ ਪ੍ਰਗਟਾਉਣ ਵਲ ਲਗ ਗਈ ਹੈ । ਇਸ ਤਰ੍ਹਾਂ ਬਹੁਤ ਸਾਰੇ ਕਲ੍ਹ ਦੇ ਛਾਇਆਵਾਦੀ ਅਜ ਦੇ ਸਮਾਜਵਾਦੀ ਕਵੀ ਬਣ ਗਏ ਹਨ ਤੇ ਇਹ ਰੁਚੀ ਨਿਰ-ਸੰਦੇਹ ਪ੍ਰਗਤੀ ਦੀ ਲਖਾਇਕ ਹੈ ।

——

ਕੁਲਬੀਰ ਸਿੰਘ ਕਾਂਗ—

# ਬਾਵਾ ਬਲਵੰਤ ਦੀ ਪੰਜਾਬੀ ਕਾਵਿ ਨੂੰ ਦੇਣ

ਬਾਵਾ ਬਲਵੰਤ ਇਕ ਵਿਸ਼ਿਸ਼ਟ ਕਾਵਿ-ਪ੍ਰਤਿਭਾ ਦਾ ਮਾਲਕ ਹੈ। ਸਦੀਆਂ ਬਾਅਦ ਅਜਿਹੇ ਕਲਾਕਾਰ, ਕਿਸੇ ਸਾਹਿਤ ਵਿਚ ਪ੍ਰਵੇਸ਼ ਕਰਦੇ ਹਨ, ਜਿਨ੍ਹਾਂ ਦੀ ਸੂਖਮ ਸਾਹਿਤ-ਸੂਝ ਨੂੰ ਆਮ ਲੋਕ ਨਹੀਂ ਸਮਝ ਸਕਦੇ ਪਰ ਜਦ ਲੋਕ ਉਸ ਦਾ ਅੰਤ੍ਰੀਵ ਸਾਹਿਤ-ਰਸ ਮਾਣਨ ਲਗ ਪੈਂਦੇ ਹਨ ਤਾਂ ਸਦੀਆਂ ਤਕ ਉਸ ਦੇ ਗੀਤਾਂ ਦੀ ਧੁਨੀ ਲੋਕ-ਪਿੜਾਂ ਵਿਚ ਗੂੰਜਦੀ ਰਹਿੰਦੀ ਹੈ। ਅਮਰ ਸਿੰਘ ਨੇ ਵੀ ਲਿਖਿਆ ਹੈ ਕਿ:—

> "ਬਾਵਾ ਬਲਵੰਤ ਦੀ ਰਚਨਾ ਪਹਿਲੇ ਮਾਣਨ ਤੇ ਫੇਰ ਪਛਾਣਨ ਅਤੇ ਪਛਾਣ ਕੇ ਫਿਰ ਮਾਣਨ ਦੀ ਚੀਜ਼ ਹੈ।"

ਬਾਵਾ ਬਲਵੰਤ ਦੇ ਡੂੰਘੇ ਕਾਵਿ-ਅਧਿਐਨ ਤੋਂ ਬਾਅਦ ਮੈਂ ਵੀ ਉਸ ਦੇ ਇਸ ਵਿਚਾਰ ਦੀ ਪੁਸ਼ਟੀ ਕਰਦਾ ਹਾਂ। ਇਸ ਵਿਚਾਰ ਤੋਂ ਇਹ ਖਿਆਲ ਨਹੀਂ ਗ੍ਰਹਣ ਕਰਨਾ ਚਾਹੀਦਾ ਕਿ ਬਾਵਾ ਬਲਵੰਤ ਦੀ ਕਵਿਤਾ ਸਮਝ ਹੀ ਨਹੀਂ ਆਉਂਦੀ। ਨਿਰੋਲ ਸੱਚ ਜਾਂ ਨਿਰੋਲ ਨੰਗੇਜ ਕੌੜਾ ਤੇ ਕੁਹਜਾ ਹੋ ਜਾਂਦਾ ਹੈ। ਆਖਰ ਕਲਾ ਕਿਸ ਚੀਜ਼ ਦਾ ਨਾਮ ਹੈ। ਸੱਚਾ ਕਲਾਕਾਰ ਓਹੀ ਹੈ, ਜੋ ਸਾਡੇ ਜਜ਼ਬਾਤ ਵਿਚ ਇਕ ਥਰਥਰਾਹਟ ਲਿਆ ਕੇ ਬੁੱਧੀ ਨੂੰ ਵੀ ਟੁੰਬੇ! ਇਹ ਕਹਿਣਾ ਗ਼ਲਤ ਹੈ ਕਿ ਮਨ-ਸਥਲ ਵਿਚ ਇਕ ਥਰਥਰਾਹਟ ਲਇਆ ਦੇਣੀ ਹੀ ਕਵਿਤਾ ਹੈ। ਸਾਹਿਤ ਦੀ ਇਹ ਕੀਮਤ ਆਦਿ ਕਾਲ ਜਾਂ ਮਧ ਕਾਲ (ਸਾਮੰਤਵਾਦੀ) ਵਿਚ ਪ੍ਰਵਾਨ ਹੋ ਸਕਦੀ ਸੀ, ਅਜ ਦੇ ਕਵੀ ਤੋਂ ਅਸੀਂ ਮਨ-ਤਰੰਗਾਂ ਤੋਂ ਇਲਾਵਾ ਵੀ ਕੁਛ ਮੰਗਦੇ ਹਾਂ, ਉਹ ਹੈ ਉਸ ਦੀ ਕਲਾਤਮਕ ਬੁਧੀਮੱਤਾ ਜਿਸ ਦੁਆਰਾ ਮਨੁੱਖ ਆਪਣੇ ਅਧੂਰੇ-ਪਣ ਨੂੰ ਕੁਛ ਭਰਪੂਰ ਕਰਨ ਦਾ ਯਤਨ ਕਰਦਾ ਹੈ। ਸਾਰਾ ਜੀਵਨ ਅਧੂਰਾ ਹੈ, ਧਰਤੀ ਤੇ ਇਸ ਉਤੇ ਵਿਚਰਦੀ ਹਰ ਚੀਜ਼ ਵਿਕਾਸ ਕਰ ਰਹੀ ਹੈ ਪਰ ਆਖਰੀ ਮੰਜ਼ਲ ਤਾਂ ਕੋਈ ਨਹੀਂ। ਕਲਾਕਾਰ ਪਾਸ ਉਹ ਵਿਸ਼ਿਸ਼ਟ ਬੁੱਧੀ ਹੁੰਦੀ ਹੈ ਜਿਹੜੀ ਪੂਰਣਤਾ ਦੀ ਮੰਜ਼ਲ ਵਲ ਸੰਕੇਤ ਕਰਦੀ ਹੈ।

> "ਜੀਵਨ ਹੈ ਪੂਰਨਤਾ ਦੇ ਕਲਸਾਂ ਵਲ ਇਕ ਤੋਰ।"

ਬਾਵਾ ਆਪ ਲਿਖਦਾ ਹੈ । ਨਿਰੋਲ ਸਿਧੀਆਂ ਸਾਦੀਆਂ ਗਲਾਂ ਵਿਚੋਂ ਕਾਵਿ-ਮਹਾਨਤਾ ਨਹੀਂ ਪੈਦਾ ਹੋ ਸਕਦੀ। ਕਿੰਨਾ ਸੁਆਦ ਹੈ, ਬਾਦਾਮ ਆਪ ਤੋੜ ਕੇ ਗਿਰੀ ਖਾਣ ਦਾ, ਇਹੋ ਹਾਲ ਪਾਠਕ ਦਾ ਹੈ । ਡੂੰਘੇ ਅਧਿਐਨ ਤੋਂ ਬਾਦ ਜਦ ਸਾਨੂੰ ਕੋਈ ਕਾਵਿ-ਪੰਗਤੀ ਸਮਝ ਆਉਂਦੀ ਹੈ ਤਾਂ ਮਨ ਦੋ ਸੁਆਦ ਮਾਣਦਾ ਹੈ । ਇਕ ਕਵਿਤਾ ਦਾ ਬਾਹਰਮੁਖੀ ਰਸ ਤੇ ਦੂਜਾ ਅੰਤਰਮੁਖੀ ਨਾਦ ।

ਬਾਵਾ ਬਲਵੰਤ ਦੀ ਕਾਵਿ-ਕਲਾ ਨੂੰ ਸਮਝਣ ਲਈ ਸਾਹਿਤ ਕਲਾ ਸੰਬੰਧੀ ਪ੍ਰਗਟਾਏ ਉਸ ਦੇ ਖਿਆਲਾਂ ਨੂੰ ਜਾਣ ਲੈਣਾ ਬਹੁਤ ਜ਼ਰੂਰੀ ਹੈ । ਬੜੀ ਦੇਰ ਸਾਹਿਤ ਆਮੋਦ-ਪ੍ਰਮੋਦ ਦਾ ਸਾਧਨ ਸਮਝਿਆ ਜਾਂਦਾ ਰਹਿਆ ਹੈ । ਆਧੁਨਿਕ ਯੁਗ ਵਿਚ ਵੀ ਕਈ ਸਾਹਿਤਕਾਰ ਇਕ ਮਨੋਵੇਗ ਨੂੰ ਪ੍ਰਗਟਾ ਦੇਣਾ ਹੀ ਕਵਿਤਾ ਸਮਝਦੇ ਹਨ । ਪਰ ਇਕ ਮਹਾਨ ਕਲਾਕਾਰ ਕਲਾ-ਖੇਤਰ ਵਿਚ ਇਕ ਪ੍ਰਤਿਭਾਸ਼ਾਲੀ ਤੇ ਕਲਿਆਣਕਾਰੀ ਦ੍ਰਿਸ਼ਟੀਕੋਣ ਲੈ ਕੇ ਪ੍ਰਵੇਸ਼ ਕਰਦਾ ਹੈ । ਕਵਿਤਾ ਛਿਨ-ਭੰਗਰ ਦਾ ਸੁਆਦ ਨਹੀਂ, ਇਹ ਤਾਂ ਸਦੀਆਂ ਤਕ ਮਾਣੀ ਜਾਣ ਵਾਲੀ ਇਕ ਅਮਰ ਦਾਤ ਹੈ, ਜਿਸ ਵਿਚੋਂ ਹਰ ਯੁਗ ਦੇ ਲੋਕ ਨਵ-ਨੀਤ ਰਸ ਤੇ ਅਗਵਾਈ ਲੈਂਦੇ ਹਨ । ਭੁਲਣ-ਹਾਰ ਤੇ ਅਮੋੜ ਜਨ-ਸਾਧਾਰਣ ਨੂੰ ਸਦਾ ਇਕ ਆਗੂ ਕਲਾਕਾਰ ਦੀ ਲੋੜ ਹੁੰਦੀ ਹੈ । ਸਾਹਿਤ ਨਿਰਾ ਸੋਹਜ-ਸੁਆਦ ਜਾਂ ਆਤਮ-ਅਭਿਵਿਅਕਤੀ ਨਹੀਂ ।

ਬਾਵਾ ਬਲਵੰਤ ਕਾਵਿ-ਕਲਾ ਦੇ ਆਧੁਨਿਕ ਕਰਤੱਵ ਨੂੰ ਭਲੀ ਭਾਂਤ ਸਮਝਦਾ ਹੈ ਤੇ ਉਸ ਦਾ ਯੋਗ ਪ੍ਰਯੋਗ ਕਰਦਾ ਹੈ। ਕਾਵਿ-ਦ੍ਰਿਸ਼ਟੀਕੋਣ ਸੰਬੰਧੀ ਉਹ ਲਿਖਦਾ ਹੈ:-

ਜੋ ਨਾ ਜਗਾਏ ਫੇਰ ਦਿਲ, ਦਿਲ ਦੀ ਹੈ ਉਹ ਆਵਾਜ਼ ਕੀ ?
ਜੇ ਨਹੀਂ ਜ਼ਿੰਦਗੀ ਲਈ, ਕਵਿਤਾ ਕਲਾ ਦਾ ਸਾਜ਼ ਕੀ ?

ਆਤਮ-ਬਲੀਦਾਨ ਸਾਡੀ ਸੰਸਕ੍ਰਿਤੀ ਦਾ ਮਹਾਨ ਲਛਣ ਹੈ । ਸਾਡੇ ਆਤਮ ਵਿਗਿਆਨੀਆਂ ਨੇ ਸੰਸਕ੍ਰਿਤੀ ਮੰਦਿਰ ਦੇ ਜੋ ਮਹਾਨ ਕਲਸ ਮੰਨੇ ਹਨ, ਉਹਨਾਂ ਵਿਚੋਂ ਆਪਾ ਵਾਰ ਕੇ ਸਮਾਜਕ ਕਲਿਆਣ ਕਰਨਾ ਇਕ ਮੁਖ-ਕਲਸ ਹੈ । ਬਾਵਾ ਇਹ ਲਕਸ਼ ਸਾਹਿਤਕਾਰ ਦੇ ਸਾਹਵੇਂ ਰਖਦਾ ਹੈ । ਕੋਈ ਵੀ ਸਮਾਜ ਪੂਰਣ ਤੌਰ ਤੇ ਰੋਸ਼ਨ ਨਹੀਂ । ਹਰ ਸਮਾਜ ਨੂੰ ਇਕ ਨਵ-ਪ੍ਰਕਾਸ਼ ਦੀ ਲੋੜ ਹੈ । ਸਾਹਿਤਕਾਰ ਸਮਾਜ ਦਾ ਦੀਪਕ ਹੈ ਜੋ ਜਗਤ ਦੀ ਕਾਲੀ ਰਾਤ ਨੂੰ ਨੂਰੋ ਨੂਰ ਕਰਦਾ ਹੈ, ਉਹ ਆਪਣਾ ਆਪ ਬਾਲਦਾ ਹੈ, ਸਮਾਜਕ ਦੁਖ ਬਰਦਾਸ਼ਤ ਕਰਦਾ ਹੈ, ਪਰ ਫਿਰ ਵੀ ਲੋਕ-ਹਿਤਾਂ ਹਿਤ ਆਪਣੀ ਆਵਾਜ਼ ਬਲੰਦ ਕਰਦਾ ਹੈ । ਆਮ ਤੌਰ ਤੇ ਇਹ ਵੇਖਣ ਵਿਚ ਆਇਆ ਹੈ ਕਿ ਜਿਨ੍ਹਾਂ ਸਾਹਿਤਕਾਰਾਂ ਉਤੇ ਦੇਸ਼ਾਂ ਨੂੰ ਮਾਣ ਹੁੰਦਾ ਹੈ, ਜਿਨ੍ਹਾਂ ਹੁਨਰ ਦੇ ਪੁਜਾਰੀਆਂ ਸਦਕਾ ਸਭਿਅਤਾ ਤੇ ਸੰਸਕ੍ਰਿਤੀ ਸਤਾਰਿਆਂ ਸਮਾਨ ਜਗਮਗਾਉਂਦੀ ਹੈ, ਉਹ ਸਰਸਵਤੀ ਦੇ ਪੁਜਾਰੀ ਰੋਟੀਉਂ ਵੀ ਆਤੁਰ ਰਹਿੰਦੇ ਹਨ । ਕਵੀ ਕਾਲੀਦਾਸ ਆਪਣੇ ਇਕ ਨਾਟਕ

ਦੇ ਅਖੀਰ ਤੇ ਰੱਬ ਅਗੇ ਪ੍ਰਾਰਥਨਾ ਕਰਦਾ ਹੈ ਕਿ ਵਿਦਿਆ ਦੀ ਮਹਾਨ ਦਾਤ ਦੇਣ ਵਾਲੇ, ਸਾਨੂੰ ਗੁਜ਼ਾਰੇ ਜੋਗੀ ਮਾਇਆ ਵੀ ਦਿਆ ਕਰ। ਫ਼ਰਦੋਸੀ ਨੂੰ ਮਹਿਮੂਦ ਗਜ਼ਨਵੀ ਵਲੋਂ ਮੋਹਰਾਂ ਉਸ ਵੇਲੇ ਪੁਜੀਆਂ ਜਦ ਕਿ ਉਸ ਦਾ ਜਨਾਜ਼ਾ ਨਿਕਲ ਰਹਿਆ ਸੀ। ਮੁਨਸ਼ੀ ਪ੍ਰੇਮ ਚੰਦਰ, ਗ਼ਾਲਿਬ ਤੇ ਕੀ ਸ਼ੈਕਸਪੀਅਰ ਸਭ ਇਸੇ ਆਰਥਿਕ ਤੰਗੀ ਦਾ ਸ਼ਿਕਾਰ ਰਹੇ ਹਨ। ਕਲਾਕਾਰ ਤੇ ਸਾਹਿਤਕਾਰ ਆਪਣਾ ਖ਼ੂਨ ਸਿੰਜ ਕੇ ਸੰਸਕ੍ਰਿਤੀ ਦੀ ਪ੍ਰਵਰਸ਼ ਕਰਦੇ ਹਨ ਤੇ ਇਨ੍ਹਾਂ ਦੀਆਂ ਇਹ ਖ਼ੂਨ ਨਾਲ ਸਿੰਜੀਆਂ ਰਚਨਾਵਾਂ ਅਮਰ ਹੋ ਜਾਂਦੀਆਂ ਹਨ। ਬਾਵਾ ਸਾਹਿਤਕਾਰ ਬਾਰੇ ਲਿਖਦਾ ਹੈ :—

ਦੀਪਕ ਉਮਰ 'ਚ ਸੜ ਸੜ ਬੱਤੀ ਯੁਗ ਯੁਗ ਨੂਰ ਖਿਲਾਰੇ,
ਅੰਦਰ ਦੀ ਹਰ ਬੇਸੁਧ ਸ਼ਕਤੀ ਕੋਮਲ ਰਿਸ਼ਮ ਉਭਾਰੇ।

ਇਹ ਹੈ ਹਰ ਕਲਾਕਾਰ ਤੇ ਸਾਹਿਤਕਾਰ ਦੀ ਕਹਾਣੀ ਜੋ ਆਪਣਾ ਆਪ ਬਾਲ ਕੇ "ਵਿਸ਼ਵ ਜੋਤ" ਪੈਦਾ ਕਰਦਾ ਹੈ, ਬਲਵੰਤ ਦੀ ਆਪਣੀ ਜ਼ਿੰਦਗੀ ਵੀ ਤਾਂ ਅਜਿਹੀ ਹੈ। ਸਾਹਿਤਕਾਰ ਇਸ ਸਮਾਜ ਦਾ ਚੌਕੀਦਾਰ ਹੈ, ਅਸੀਂ ਛੋਟੀਆਂ ਛੋਟੀਆਂ ਮੰਜ਼ਲਾਂ ਤੇ ਗਾਫ਼ਲ ਹੋ ਕੇ ਸੌਂ ਜਾਂਦੇ ਹਾਂ, ਪਰ ਸਾਹਿਤਕਾਰ ਲਈ ਕੋਈ ਮੰਜ਼ਲ ਆਖਰੀ ਨਹੀਂ, ਉਹ ਸਦਾ ਅਗਾਂਹ ਵਲ ਹੀ ਝਾਕਦਾ ਹੈ। ਇਕ ਮੰਜ਼ਲ ਤੇ ਹੀ ਬੈਠ ਜਾਣਾ ਉੱਨਤੀ ਦੇ ਰਾਹ ਵਿਚ ਰੁਕਾਵਟ ਹੈ। ਸਾਹਿਤਕਾਰ ਨੇ ਸਮਾਜ ਨੂੰ ਕੁਝ ਦੇਣਾ ਹੈ ਤੇ ਜੇ ਉਹ ਇਕ ਹੀ ਮੰਜ਼ਲ ਨੂੰ ਆਖਰੀ ਸਮਝ ਕੇ ਬਹਿ ਜਾਵੇਗਾ, ਤਾਂ ਪਾਠਕ ਉਸ ਤੋਂ ਅੱਕ ਜਾਣਗੇ, ਇਸੇ ਕਰ ਕੇ ਬਾਵਾ ਸਮਾਜ ਦੇ ਚੌਕੀਦਾਰ (ਸਾਹਿਤਕਾਰ) ਦੇ ਮੂੰਹੋਂ ਅਖਵਾਂਦਾ ਹੈ :—

ਰਾਤ ਦਿਨਾਂ ਦੇ ਖੰਭਾਂ ਤੇ ਚੜ੍ਹ ਆਖੇ, "ਜਾਗ ਮੁਸਾਫ਼ਰ !
ਇਹ ਆਰਾਮ-ਸਰਾਂ ਨਹੀਂ ਤੇਰੀ, ਇਹ ਮੰਜ਼ਲ ਨਹੀਂ ਆਖਰ।"

ਸਾਹਿਤਕਾਰ ਕਲਪਣਾ ਦੁਆਰਾ ਹੀ ਸਾਨੂੰ ਇਨ੍ਹਾਂ ਦੁਖਾਂ ਸੁਖਾਂ ਵਿਚੋਂ ਕੱਢ, ਇਕ ਵਿਸਮਾਦ-ਵਾਤਾਵਰਣ ਵਿਚ ਲੈ ਜਾਂਦਾ ਹੈ। ਚੰਗੇ ਸਾਹਿਤਕਾਰ ਦੇ ਅੱਖਰ, ਸਿਪ ਵਿਚੋਂ ਨਿਕਲਣ ਵਾਲੇ ਮੋਤੀਆਂ ਵਾਂਗ ਹਨ, ਜੋ ਸਮਾਜ ਲਈ ਸਦਾ ਹੀ ਕਲਿਆਨਕਾਰੀ ਹਨ। ਕਲਮ ਨੇ ਬੜੇ ਬੜੇ ਇਨਕਲਾਬਾਂ ਵਿਚ ਮੁਢਲਾ ਹਿੱਸਾ ਪਾਇਆ ਹੈ। ਫ਼ਰਾਂਸੀਸੀ ਇਨਕਲਾਬ ਭਾਵੇਂ ਅੰਧਾ-ਧੁੰਦ ਕ੍ਰਾਂਤੀ ਸੀ, ਪਰ ਉਸ ਇਨਕਲਾਬ ਦੀ ਰੂਹ 'ਰੂਸੋ' ਤੇ 'ਵਾਲਟੇਅਰ' ਦੀਆਂ ਰਚਨਾਵਾਂ ਸਨ। ਭਾਰਤ ਵਿਚ ਭਗਤੀ ਲਹਿਰ ਤੇ ਖਾਸ ਕਰ ਕੇ ਸਿਖ ਧਰਮ ਦੀ ਲਹਿਰ ਵਿਚ, ਸਾਹਿਤ ਦਾ ਬਹੁਤ ਵੱਡਾ ਹੱਥ ਹੈ। ਸਾਰਾ ਸੰਸਾਰ ਇਤਿਹਾਸ ਕਲਮ ਦੀ ਸ਼ਕਤੀ ਦਾ ਗਵਾਹ ਹੈ। ਤਦੇ ਹੀ ਬਾਵਾ ਲਿਖਦਾ ਹੈ :—

ਪਰਿਵਰਤਨ ਕਰਦਾ ਹੈ ਜੱਗ ਵਿਚ ਇਹ ਸ਼ਕਤੀ ਦ ਸਾਰਾ,
ਪੂਰਨਤਾ ਤਕ ਲੈ ਜਾਂਦਾ ਹੈ ਪੂਰਨ ਹੁਨਰ ਦਵਾਰਾ ।

ਪਰ ਸਾਨੂੰ ਬਲਵੰਤ ਦੀ ਦੂਸਰੀ ਸਤਰ ਨਾਲ ਮਤ-ਭੇਦ ਹੈ । ਪੂਰਣਤਾ ਦੀ ਥਾਹ ਤਾਂ ਅੱਜ ਤਕ ਕੋਈ ਨਹੀਂ ਪਾ ਸਕਿਆ ਤਾਂ ਸਾਹਿਤਕਾਰ ਕਿਵੇਂ ਅਜਿਹਾ ਕਰਨ ਯੋਗ ਹੋ ਸਕਦਾ ਹੈ ? ਇਸ ਸਤਰ ਦੇ ਲਿਖਣ ਨਾਲ ਬਾਵਾ ਬਲਵੰਤ ਨੇ ਆਪਣੇ ਹੀ ਖਿਆਲਾਂ ਵਿਚ ਵਿਰੋਧ ਪ੍ਰਗਟਾਇਆ ਹੈ । ਜੋ ਸਾਹਿਤਕਾਰ 'ਇਹ ਮੰਜ਼ਲ ਨਹੀਂ ਆਖਰ' ਦਾ ਸੁਨੇਹਾ ਦੇਂਦਾ ਹੈ, ਤੇਹ ਕਿਵੇਂ ਪੂਰਣਤਾ ਦੀ ਹੱਦ ਤਕ ਛੋਹਣ ਦਾ ਦਾਅਵਾ ਕਰ ਸਕਦਾ ਹੈ ।

ਸਾਹਿਤਕਾਰ ਦੇ ਉਪਰੋਕਤ ਲਕਸ਼ ਨੂੰ ਮੁੱਖ ਰਖਦਿਆਂ ਹੋਇਆਂ ਉਹ ਉਨ੍ਹਾਂ ਸਾਹਿਤਕਾਰਾਂ ਪ੍ਰਤੀ ਅਪਾਰ ਸ਼ਰਧਾ ਰਖਦਾ ਹੈ, ਜਿਹੜੇ ਲੋਕਤਾ ਲਈ ਆਪਾ ਵਾਰ ਦੇਂਦੇ ਹਨ, ਉਸ ਨੇ ਟੈਗੋਰ, ਇਕਬਾਲ, ਰੈਲਫ਼ ਫੌਕਸ ਆਦਿ ਤੇ ਕਵਿਤਾਵਾਂ ਲਿਖੀਆਂ ਹਨ । ਰੈਲਫ ਫੌਕਸ ਦੀ ਸਪੇਨ ਲਈ ਕੀਤੀ ਕੁਰਬਾਨੀ ਨੂੰ ਉਹ ਅਮਰ ਜਵਾਨੀ ਦਾ ਨਾਂ ਦੇਂਦਾ ਹੈ । ਬਾਵਾ ਬਲਵੰਤ ਮੁਲਕ ਦੀਆਂ ਤੰਗ ਵਲਗਣਾਂ ਵਿਚ ਕੈਦ ਨਹੀਂ, ਸਗੋਂ ਸਾਰੇ ਵਿਸ਼ਵ ਨੂੰ ਆਪਣਾ ਘਰ ਸਮਝਦਾ ਹੈ । ਇਸੇ ਲਈ ਉਹ ਰੈਲਫ਼ ਫੌਕਸ' ਨਾਮੀ ਕਵਿਤਾ ਵਿਚ ਲਿਖਦਾ ਹੈ:–

ਜ਼ਿੰਦਗੀ ਰੂਹ ਦੀ ਬੇਦਾਰੀ ਏ,
ਕੌਮ ਦੀ ਬੇਦਾਰੀ ਨਹੀਂ ।

ਇਸੇ ਤਰ੍ਹਾਂ 'ਕਦਰਾਂ' ਨਾਮੀ ਕਵਿਤਾ ਵਿਚ ਇਕਬਾਲ ਦੀ ਕਾਵਿ-ਪ੍ਰਤਿਭਾ ਤੇ ਹਿੰਦੁਸਤਾਨੀਆਂ ਦੀ ਬੇਕਦਰੀ ਸੰਬੰਧੀ ਲਿਖਦਾ ਹੋਇਆ ਦਾਰਸ਼ਨਿਕ ਡੂੰਘਾਈ ਨੂੰ ਪ੍ਰਮੁਖ ਸਮਝਦਾ ਹੈ ਉਹ ਲਿਖਦਾ ਹੈ :—

ਬੜਾ ਅਸਾਨ ਹੈ, ਮਸ਼ਹੂਰ ਚੰਦ ਰਵੀ ਹੋਣਾ,
ਬੜਾ ਮੁਹਾਲ ਹੈ ਪਰ ਫ਼ਲਸਫ਼ੀ ਕਵੀ ਹੋਣਾ ।

ਕਈ ਵਿਚਾਰਵਾਨ ਇਹ ਕਿੰਤੂ ਕਰਨਗੇ ਕਿ ਕਵਿਤਾ ਤੇ ਫ਼ਲਸਫ਼ੇ ਦਾ ਕੀ ਮੇਲ ਹੈ । ਕਵਿਤਾ ਤੇ ਨਿਰੋਲ ਜਜ਼ਬਿਆਂ ਦੀ ਬਾਣੀ ਹੈ, ਪਰ ਸਾਹਿਤ-ਇਤਿਹਾਸ ਦੇ ਪੰਨੇ ਗਵਾਹ ਹਨ ਕਿ ਦਾਰਸ਼ਨਿਕ ਕਵੀ ਹੀ ਚਿਰੰਜੀਵ ਤੇ ਅਮਰ ਰਹੇ ਹਨ । ਕਵਿਤਾ ਵਿਚ ਦਰਸ਼ਨ ਭਾਰਤ ਦੀ ਪੁਰਾਤਨ ਪਰੰਪਰਾ ਹੈ ।

ਸਾਹਿਤਕਾਰ 'ਸਮਾਜ ਦਾ ਬੰਦਾ' ਤਦ ਹੀ ਬਣਦਾ ਹੈ ਜੇ ਉਹ ਆਪਣੇ ਦੁਖਾਂ ਸੁਖਾਂ ਤੋਂ ਉੱਚਾ ਉਠ ਸਰਵ ਮਾਨਵਤਾ ਵਿਚ ਅਭੇਦ ਹੋ ਜਾਵੇ । ਭਾਰਤੀ ਅਧਿਆਤਮਕ ਵਿਚਾਰਧਾਰਾ ਦਾ ਅਜ ਤਕ ਇਹੀ ਵਿਚਾਰ ਹੈ ਕਿ ਆਪਾ ਮਾਰ ਕੇ ਕਿਸੇ ਵਿਚ ਅਭੇਦ ਹੋ ਜਾਵੇ । ਸਾਹਿਤਕਾਰ ਦਿਸਦੇ ਵਸਦੇ ਸਮਾਜ ਵਿਚ ਅਭੇਦ ਹੁੰਦਾ ਹੈ । ਇਹ ਠੀਕ

ਹੈ ਕਿ ਨਿਜੀ ਪੀੜਾਂ ਤੇ ਦੁਖ ਸੰਤਾਪ ਸਾਨੂੰ ਹਰ ਵਕਤ ਘੇਰੀ ਰਖਦੇ ਹਨ ਪਰ ਇਹ ਹੋਰ ਵੀ ਦੁਖਿਤ ਕਰਨਗੇ ਜੇ ਅਸੀਂ ਸਿਰਫ ਆਪਣੇ ਬਾਰੇ ਹੀ ਸੋਚਦੇ ਜਾਈਏ। ਨਿਜੀ ਦੁਖਾਂ ਨੂੰ ਮਰਵਮਾਨਵਤਾ ਵਿਚ ਅਭੇਦ ਕਰਨਾ ਹੀ ਅਮਰ ਸਾਹਿਤ ਨੂੰ ਜਨਮ ਦੇਣਾ ਹੈ। ਬਾਵਾ ਇਕ ਕਵਿਤਾ "ਯਾਤ੍ਰੀ" ਵਿਚ ਕਵੀ ਤੇ ਚਿਤ੍ਰਕਾਰ ਬਾਰੇ ਆਪ ਲਿਖਦਾ ਹੈ:-

ਇਹ ਕਾਮਲ ਇਨਸਾਨ,
ਦੁਨੀਆ ਦੀ ਅਗਨੀ ਦਾ ਸਾਗਰ ਲੰਘਦੇ ਜਾਣ।
... ... ...
ਮਿਟੀ ਦੇ ਤਾਰੇ ਨੂੰ ਰੰਗਦੇ ਰੰਗਦੇ ਜਾਣ।

ਉਸ ਨੇ ਮਿਟੀ ਦੇ ਤਾਰੇ (ਧਰਤੀ) ਨੂੰ ਰੰਗਣ ਦਾ ਲਕਸ਼ ਆਪਣੀ ਕਵਿਤਾ ਵਿਚ ਰਚਾਇਆ ਹੈ। ਮਨੁਖ ਦੀ ਸਭ ਤੋਂ ਸੂਖਮ ਤੇ ਦੁਖਦੀ ਨਾੜ ਉਸ ਦਾ ਨਿਜੀ ਪਿਆਰ ਹੈ, ਜਿਸ ਵਿਚ ਬਾਵਾ ਅਸਫਲ ਹੈ, ਪਰ ਉਹ ਵਿਅਕਤਿਗਤ ਭਾਵਨਾ ਦਾ ਸ਼ਿਕਾਰ ਹੋ ਕੇ ਸਮਾਜ ਜਾਂ ਪਿਆਰ ਨੂੰ ਨਿੰਦਦਾ ਨਹੀਂ ਸਗੋਂ ਇਸ ਵਿਚੋਂ ਵੀ ਸਮਾਜਕ ਵਿਚਾਰ-ਧਾਰਾ ਨੂੰ ਜਨਮ ਦੇਂਦਾ ਹੈ :-

ਮੈਂ ਮੁਹੱਬਤ ਉਸ ਨੂੰ ਕਰਦਾ ਹੀ ਰਿਹਾ,
ਰੋਜ਼ ਜੀਉਂਦਾ, ਰੋਜ਼ ਮਰਦਾ ਹੀ ਰਿਹਾ;
... ... ... ...
ਹੇ ਮੁਹੱਬਤ, ਤੇਰੀ ਛੁਹ ਤੋਂ ਹੀ ਕਦੀ,
ਆਦਮੀ ਹੋਵੇਗਾ ਪੂਰਨ ਆਦਮੀ;
ਇਸ ਲਈ ਨਫ਼ਰਤ ਨੂੰ ਜਰਦਾ ਹੀ ਰਿਹਾ,
ਮੈਂ ਮੁਹੱਬਤ ਉਸ ਨੂੰ ਕਰਦਾ ਹੀ ਰਿਹਾ।

ਆਪਣੀ ਨਵ-ਰਚਨਾ 'ਉਸ ਦਾ ਰਾਹ' ਵਿਚ ਵੀ ਉਹ ਲਿਖਦਾ ਹੈ :

ਹੇ ਮੁਹੱਬਤ, ਤੇਰੀ ਮਨਸ਼ਾ ਦੀ ਬਹਾਰ,
ਹਿੰਮਤ ਤਲੀਆਂ ਤੇ ਉੱਗ ਆਇਆ ਕਰੇ!
ਇਕ ਉਸਾਰੀ ਦੀ ਲਗਨ, ਜੀਵਨ ਦਾ ਚਾਅ
ਮੇਲ ਉਸ ਦਾ, ਅਮਲ ਗਰਮਾਇਆ ਕਰੇ।

ਬਹੁਤੇ ਕਵੀ ਪਿਆਰ-ਅਸਫਲਤਾ ਦੇ ਵਿਸ਼ਾਦ ਨੂੰ ਕਵਿਤਾ ਦਾ ਅਟੁਟ ਅੰਗ ਬਣਾ ਲੈਂਦੇ ਹਨ। ਉਨ੍ਹਾਂ ਦੀ ਹਰ ਕਵਿਤਾ ਵਿਚ ਕੀਰਨੇ, ਹਾਵੇ ਹੁੰਦੇ ਹਨ। ਸਮਾਜ ਨੂੰ ਮੰਦਾ ਚੰਗਾ ਕਹਿੰਦੇ, ਉਹ ਕਈ ਵਾਰ ਪਿਆਰ ਜਾਂ ਪ੍ਰਿਯ ਤੋਂ ਹੀ ਉਪਰਾਮ ਹੋ ਜਾਂਦੇ ਹਨ। ਪਿਆਰ-ਵਿਸ਼ਾਦ (Frustration) ਨੂੰ ਡੂੰਘੇ ਤੋਂ ਡੂੰਘਾ ਪ੍ਰਗਟਾਉਣ ਨੂੰ

ਉਹ ਮਹਾਨ ਕਵਿਤਾ ਸਮਝਦੇ ਹਨ। ਉਰਦੂ ਦੇ ਅਜਿਹੇ ਨਾਮ ਧਰੀਕ ਤਰੱਕੀ ਪਸੰਦ ਕਵੀਆਂ ਦਾ ਪੰਜਾਬੀ ਕਵੀਆਂ ਤੇ ਵੀ ਡੂੰਘਾ ਅਸਰ ਹੈ ਪਰ ਬਲਵੰਤ ਦਾ ਪ੍ਰੀਤ ਦਰਸ਼ਨ ਵਿਲਖਣਤਾ ਭਰਪੂਰ ਹੈ, ਉਸ ਵਿਚ ਇਕ ਸ਼ਾਂਤੀ ਹੈ, ਰਜ ਹੈ। ਬਾਵਾ ਭਰਪੂਰ ਇਨਸਾਨ ਹੈ, ਆਪਣੀਆਂ ਭੁਖਾਂ ਨੂੰ ਸਮਾਜ ਦੇ ਦੁਖਾਂ ਨਾਲ ਸਾਂਝਾ ਕਰਦਾ ਹੈ। ਉਸ ਦਾ ਪਿਆਰ ਕਾਮ ਦੀਆਂ ਕਾਲ-ਖੱਡਾਂ ਵਿਚ ਨਹੀਂ ਗੁੰਮ ਜਾਂਦਾ ਤੇ ਨਾ ਹੀ ਉਹ ਅਜਿਹੀ ਇਕੱਲ ਦਾ ਅਭਿਲਾਸ਼ੀ ਹੈ, ਜਿਸ ਵਿਚ ਉਹ ਤੇ ਉਸ ਦੀ ਸਜਣੀ ਹੀ ਹੋਣ। ਉਹ ਪਿਆਰ-ਨੂਰ ਤੋਂ ਆਪਣੇ ਮਨ ਦੀ ਕਾਲਖ ਧੋਣਾ ਚਾਹੁੰਦਾ ਹੈ। ਪਿਆਰ ਠੀਕ ਹੀ ਇਕ ਪਵਿਤ੍ਰ ਜਜ਼ਬਾ ਹੈ ਸਾਡਾ ਗੁਰੂ ਤੇ ਸੂਫੀ ਸਾਹਿਤ ਪਿਆਰ ਦੀ ਸੁੰਦਰ ਆਤਮਾ ਦਾ ਹੀ ਪ੍ਰਤੀਬਿੰਬ ਹੈ, ਬਾਵਾ ਵੀ ਲਿਖਦਾ ਹੈ :—

> ਹਿਰਸ ਨਹੀਂ ਹੈ ਪਿਆਰ ਕਿ ਕਾਲਖ ਕਾਲਖ ਵਿਚ ਸਮਾਏ;
> ਪਿਆਰ-ਕਿਰਨ ਮੇਰੀ ਉਹ ਹੈ, ਜੋ ਅੰਧਕਾਰ ਚਮਕਾਏ।

ਪਿਆਰ ਵਿਚ ਮਿਲਾਪ ਵਿਚ ਕਿੰਨੀ ਮਿਠਾਸ ਭਰਪੂਰ ਕਲਪਣਾ ਹੈ। ਸਾਰਾ ਵਿਸ਼ਵ-ਕਾਵਿ ਮਿਲਾਪ ਦੇ ਗੀਤਾਂ ਨਾਲ ਭਰਪੂਰ ਹੈ ਜਾਂ ਵਿਛੋੜਿਆਂ ਹਿਜਰਾਂ ਦੇ ਗੀਤ ਹਨ। ਬਾਵਾ ਵੀ ਪਿਆਰ ਵਿਚ ਅਸਫਲ ਹੈ ਪਰ ਕਿਤੇ ਵੀ ਉਹ ਅਜਿਹੀ ਵੇਦਨਾ ਨਹੀਂ ਪ੍ਰਗਟਾਉਂਦਾ। ਦਿਲ ਸਾਗਰ ਵਿਚ ਅਨੇਕ ਜਵਾਰਭਾਟੇ ਹਨ ਪਰ ਉਸ ਦਾ ਬਾਹਰਮੁਖੀ ਸਥਲ ਬਹੁਤ ਸ਼ਾਂਤ ਹੈ। ਉਹ ਆਪਣੀ ਪ੍ਰੇਮਕਾ ਨੂੰ ਦੁਨੀਆਂ ਦੇ ਦਰਦ ਵਿਚ ਰੰਗਣਾ ਚਾਹੁੰਦਾ ਹੈ, ਉਹ ਆਖਦਾ ਹੈ :-

> ਮੇਰੀ ਦਰਦਣ, ਵਿਸ਼ਵ ਖਾਤਰ ਆਪਣੇ ਬਾਜ਼ੂ ਖੋਲ੍ਹ ਦੇ
>
> ... ... ...
>
> ਮੇਰੇ ਬਦਲੇ ਆਪਣੀ ਹਮਦਰਦੀ ਨਾ ਛੋਟੀ ਰਹਿਣ ਦੇ,
> ਮੈਨੂੰ ਸਭ ਪੀੜਿਤ ਜਹਾਨਾਂ ਦੀ ਮੁਸੀਬਤ ਸਹਿਣ ਦੇ।

ਜੇ ਕਦੀ ਆਪਣੀ ਪ੍ਰਿਯ ਨੂੰ ਮਿਲਦਾ ਜਾਂ ਦਰਸ਼ਨ ਹੀ ਕਰ ਲੈਂਦਾ ਹੈ ਤਾਂ ਉਸ ਨੂੰ ਵੀ ਨਵੇਂ ਬੌਧਿਕ ਤੇ ਮਿਥਿਹਾਸਕ ਰੰਗ ਵਿਚ ਪੇਸ਼ ਕਰਦਾ ਹੈ। ਗਿਆਨ ਕ੍ਰਿਸ਼ਨਾ ਇਕ ਵਾਰ ਉਸ ਦੇ ਸ਼ਹਿਰ ਆਉਂਦੀ ਹੈ। ਕਵੀ ਨੂੰ ਨਵ-ਜੀਵਨ ਮਿਲ ਜਾਂਦਾ ਹੈ। ਮਹਾਨ ਕਰਮਾਂ ਦੇ ਅਮਲ ਦੀ ਪੇਰਨਾ ਮਿਲਦੀ ਹੈ। ਉਸ ਨੂੰ ਮਹਾਤਮਾ ਬੁਧ ਨਾਲ ਸੰਬੰਧਿਤ ਇਕ ਘਟਨਾ ਯਾਦ ਆਉਂਦੀ ਹੈ। ਤਪੱਸਿਆ ਨਾਲ ਸਰੀਰ ਨੂੰ ਕਸ਼ਟ ਦੇਂਦਾ ਗੌਤਮ ਅਧ-ਮੋਇਆ ਹੋ ਜਾਂਦਾ ਹੈ। ਇਕ ਔਰਤ ਸੁਜਾਤਾ ਆਪਣੀ ਸੁੱਖਣਾ ਅਨੁਸਾਰ ਖੀਰ ਦਾ ਕਟੋਰਾ ਕਿਸੇ ਰਿਸ਼ੀ ਲਈ ਲਿਆਉਂਦੀ ਹੈ। ਗੌਤਮ ਦੇ ਅਗੇ ਧਰਦੀ ਹੈ ਤੇ ਨਾਲ ਹੀ ਸਿਖਿਆ ਦੇਂਦੀ ਹੈ ਕਿ ਜੀਵਨ ਤੰਦ ਨੂੰ ਇੰਨਾ ਨਾ ਖਿਚੋ ਕਿ ਟੁੱਟ ਹੀ ਜਾਵੇ। ਇਹ ਮਹਾਤਮਾ ਦੀ ਪਹਿਲੀ ਗੁਰੂ ਸੀ। ਬਾਵਾ ਕ੍ਰਿਸ਼ਨਾ ਦੇ ਆਉਣ ਨੂੰ ਇਸ ਘਟਨਾ

ਨਾਲ ਤੁਲਨਾ ਦੇਂਦਾ ਹੈ:—

"ਕੋਈ ਚਾਨਣ-ਕੁੜੀ ਬਣ ਮੇਰੇ ਦਿਲ ਗੌਤਮ ਲਈ ਆਇਆ,
ਮੇਰਾ ਜੀਵਨ-ਹਨੇਰ ਦੌੜਿਆ ਖ਼ਬਰੇ ਹਵਾ ਹੋਇਆ।"

ਪ੍ਰੇਮਿਕਾ ਲਈ ਅਜਿਹੀ ਉਚ-ਭਾਵਨਾ ਕੋਈ ਮਹਾਨ ਕਵੀ ਹੀ ਰਖ ਸਕਦਾ ਹੈ। ਬਾਵਾ ਪਿਆਰ-ਭਾਵਨਾ ਤੇ ਪ੍ਰੇਮਿਕਾ ਨੂੰ ਇੰਨਾ ਮਹਾਨ ਪ੍ਰਗਟਾਉਂਦਾ ਹੈ ਕਿ ਗੁਰਬਾਣੀ ਦਾ ਪ੍ਰੀਤ-ਦਰਸ਼ਨ ਯਾਦ ਆ ਜਾਂਦਾ ਹੈ। ਪਿਆਰ ਬਾਵਾ ਬਲਵੰਤ ਦੀਆਂ ਨਜ਼ਰਾਂ ਵਿਚ ਬਹੁਤ ਹੀ ਮੁਕੱਦਸ ਚੀਜ਼ ਹੈ, ਜਿਸ ਦਾ ਇਕ ਇਸ਼ਾਰਾ ਜੀਵਨ-ਅਮਲ ਗਰਮਾਉਂਦਾ ਹੈ।

ਮਿਥਿਹਾਸ ਬਾਵੇ ਦੀ ਕਵਿਤਾ ਦਾ ਅਟੁੱਟ ਅੰਗ ਬਣ ਗਇਆ ਹੈ। ਉਸ ਦੇ ਖਿਆਲ ਅਨੁਸਾਰ ਜੋ ਸਾਹਿਤਕਾਰ ਆਪਣੀਆਂ ਰਚਨਾਵਾਂ ਵਿਚ ਮਿਥਿਹਾਸ ਨੂੰ ਕੋਈ ਸਥਾਨ ਨਹੀਂ ਦੇਂਦੇ, ਉਹ ਆਪਣੀ ਸੰਸਕ੍ਰਿਤੀ-ਪਰੰਪਰਾ ਤੋਂ ਦੂਰ ਭਜ ਰਹੇ ਹਨ। ਮਿਥਿਹਾਸ ਪਰੰਪਰਾ ਜਾਂ ਦੇਵ ਮਾਲਾ ਦੀ ਹਰ ਕਥਾ ਕਿਸੇ ਭਾਵ ਦੀ ਲਖਾਇਕ ਹੈ। ਦੇਵ ਮਾਲਾ ਮਨੁੱਖ ਦੇ ਤਜਰਬਿਆਂ ਤੇ ਕੁਦਰਤ ਨਾਲ ਸੰਘਰਸ਼ਾਂ ਨੂੰ ਪ੍ਰਗਟ ਕਰਦੀ ਹੈ ਤੇ ਇਸ ਵਿਚੋਂ ਮਨੁੱਖ ਦੀ ਅਗਾਂਹ ਵਧਣ ਦੀ ਰੁਚੀ ਪ੍ਰਗਟ ਹੁੰਦੀ ਹੈ।

ਸਭ ਦੇਸ਼ਾਂ ਦੇ ਮਿਥਿਹਾਸਾਂ ਦੀ ਆਤਮਾ ਸਾਂਝੀ ਹੈ। ਔਕੜਾਂ ਤੇ ਕਾਬੂ ਪਾਣਾ, ਨੇਕੀ ਦੀ ਜਿਤ ਵਿਖਾਉਣਾ, ਇਹ ਸਭ ਦੇਵ ਮਾਲਾਂ ਦਾ ਤਤਸਾਰ ਹੈ।

ਮਿਥਿਹਾਸ ਹਕੀਕਤ ਤੇ ਰੋਮਾਂਸ ਦਾ ਸੁੰਦਰ ਮੇਲ ਹੈ। ਗੋਰਕੀ ਲਿਖਦਾ ਹੈ :-

"ਹਕੀਕਤਾਂ ਤੋਂ ਪੈਦਾ ਹੋਈਆਂ ਸਭ ਖੂਬੀਆਂ ਨੂੰ ਜਮ੍ਹਾਂ ਕਰਕੇ ਇਕ ਮੂਰਤੀ ਬਣਾਈ ਤੇ ਇਸ ਤਰ੍ਹਾਂ ਹਕੀਕਤ-ਪਸੰਦੀ ਦਾ ਜਨਮ ਹੋਇਆ, ਪਰ ਜੇ ਇਸ ਵਿਚ ਆਪਣੀਆਂ ਉਮੰਗਾਂ ਤੇ ਭਾਵਨਾਵਾਂ ਨੂੰ ਜੋੜ ਦਿਤਾ ਜਾਵੇ ਤਾਂ ਰੋਮਾਂਸ ਦਾ ਜਨਮ ਹੁੰਦਾ ਹੈ। ਹਕੀਕਤ ਤੇ ਰੋਮਾਂਸ ਦਾ ਸੁੰਦਰ ਮੇਲ ਹੀ ਦੇਵਮਾਲਾ ਦੀਆਂ ਰੋਚਕ ਕਹਾਣੀਆਂ ਦੀ ਜਿੰਦ ਜਾਨ ਹੈ। ਇਨ੍ਹਾਂ ਕਹਾਣੀਆਂ ਦੇ ਦੇਵਤੇ (ਜੋ ਕਿ ਮਨੁਖ ਹੀ ਸਨ) ਜ਼ਿੰਦਗੀ ਦੇ ਤੋਲ ਤਜਰਬੇ ਤੋਂ ਪੈਦਾ ਹੋਏ ਨਵੇਂ ਖਿਆਲਾਂ ਤੇ ਅਸੂਲਾਂ ਦੇ ਪ੍ਰਤੀਕ ਹੁੰਦੇ ਹਨ।"

ਬਾਵਾ ਬਲਵੰਤ ਨੇ ਆਪਣੇ ਵਿਕਾਸ ਵਾਦੀ ਵਿਰਸੇ ਨੂੰ ਪੂਰੀ ਤਰ੍ਹਾਂ ਸੰਭਾਲਿਆ ਹੈ। ਉਸ ਦੀ ਕਵਿਤਾ ਭਾਰਤੀ ਤੇ ਏਸ਼ੀਆਈ ਸੰਸਕ੍ਰਿਤੀ ਨਾਲ ਮਾਲਾ ਮਾਲ ਹੈ। ਨਵੀਨ ਪੰਜਾਬੀ ਕਵਿਤਾ ਵਿਚ ਅਜਿਹੀ ਅਮੀਰ ਕਵਿਤਾ ਘਟ ਹੀ ਨਜ਼ਰ ਆਉਂਦੀ ਹੈ। ਪਰੰਪਰਾ ਦੇ ਅਧਿਐਨ ਨੇ ਉਸ ਦੀ ਕਲਪਣਾ ਤੇ ਸਿਰਜਣ-ਸ਼ਕਤੀ ਬਲਵਾਨ ਬਣਾ ਦਿਤੀ ਹੈ, ਤਦੇ ਹੀ ਪ੍ਰਿੰ: ਤਾਲਿਬ ਜੀ ਨੇ ਲਿਖਿਆ ਹੈ :—

"ਭਾਈ ਵੀਰ ਸਿੰਘ ਤੇ ਮੋਹਨ ਸਿੰਘ ਭਾਵੇਂ ਬਾਵਾ ਤੋਂ ਜ਼ਿਆਦਾ ਪੜ੍ਹੇ ਹੋਏ ਹਨ, ਦੇਖਣਾ ਇਹ ਹੈ ਕਿ ਆਪਣੀ ਗੰਢ ਦੀ ਵਿਦਿਆ ਨੂੰ ਕਵਿਤਾ ਵਿਚ ਕੌਣ ਚੰਗੀ ਤਰ੍ਹਾਂ ਪ੍ਰਗਟਾਉਂਦਾ ਹੈ।"

ਅਜ ਦੇ ਵਿਗਿਆਨਕ ਯੁਗ ਵਿਚ ਵੀ ਹਰ ਦੇਸ਼ ਆਪਣੇ ਮਿਥਿਹਾਸ ਤੇ ਪਰੰਪਰਾ ਤੇ ਮਾਣ ਕਰਦਾ ਹੈ। ਜਿਸ ਦੇਸ਼ ਦੀ ਆਪਣੀ ਕੋਈ ਦੇਵਮਾਲਾ ਨਹੀਂ ਸੀ, ਉਨ੍ਹਾਂ ਦੂਸਰੇ ਦੇਸ਼ਾਂ ਦੀਆਂ ਪਰੰਪਰਾਵਾਂ ਨੂੰ ਅਪਣਾਇਆ, ਜਿਵੇਂ ਬਰਤਾਨੀਆਂ, ਫ਼ਰਾਂਸ ਤੇ ਯੋਰਪ ਦੇ ਹੋਰ ਦੀਪਾਂ ਨੇ, ਯੂਨਾਨ ਤੇ ਰੋਮ ਦੀ ਪਰੰਪਰਾ ਨੂੰ ਅਪਣਾ ਲਿਆ ਹੈ, ਕਿਉਂਕਿ ਪਰੰਪਰਾ ਦੀ ਬੁਨਿਆਦ ਤੋਂ ਬਿਨਾ ਉਹ ਆਪਣੀ ਸਭਿਅਤਾ ਤੇ ਸੰਸਕ੍ਰਿਤੀ ਨੂੰ ਅਧੂਰਾ ਤੇ ਕਟਿਆ ਹੋਇਆ ਸਮਝਦੇ ਹਨ। ਕਦੀਮ ਦੇਸ਼ ਆਪਣੀ ਪਰੰਪਰਾ ਤੇ ਕਿਉਂ ਨਾ ਮਾਣ ਕਰਨ ਜਦ ਕਿ ਉਨ੍ਹਾਂ ਦੇ ਵਡੇ ਵਡੇਰਿਆਂ ਦੇ ਜਜ਼ਬੇ, ਆਸ਼ਾਵਾਂ ਤੇ ਸਫਲਤਾਵਾਂ ਇਸੇ ਪਰੰਪਰਾ ਵਿਚ ਮੂਰਤੀਮਾਨ ਹਨ।

ਦੁਨੀਆਂ ਭਰ ਦੇ ਕਲਾਸੀਕੀ ਸਾਹਿਤ ਵਿਚ ਸਾਨੂੰ ਦੋ ਚੀਜ਼ਾਂ ਖਾਸ ਨਜ਼ਰ ਆਉਂਦੀਆਂ ਹਨ। ਨੇਕੀ ਤੇ ਬਦੀ। ਮਹਾਂਨ ਸਾਹਿਤਕਾਰਾਂ ਦੀਆਂ ਉਤਮ ਕਿਰਤਾਂ ਵਿਚ ਸਾਨੂੰ ਸਚ ਦੀ ਵਿਜੈ ਦੇ ਝਲਕਾਰੇ ਨਜ਼ਰ ਆਉਂਦੇ ਹਨ। ਗੁਰਬਾਣੀ ਵਿਚ ਤੇ ਭਾਰਤ ਦੇ ਆਦਿ ਕਾਲੀਨ ਸਾਹਿਤ ਵਿਚ ਨੇਕੀ ਤੇ ਨੇਕ ਪਾਤਰਾਂ ਦੀ ਵਡਿਆਈ ਕੀਤੀ ਗਈ ਹੈ। ਬਾਵਾ ਬਲਵੰਤ ਆਪਣੀ ਪਰੰਪਰਾ ਨੂੰ ਅਗੇ ਤੋਰਦਾ ਹੋਇਆ ਸਮਾਜਵੀਦ ਨਾਮੀ ਕਵਿਤਾ ਵਿਚ ਲਿਖਦਾ ਹੈ। ਜਿਸ ਵਿਚ ਸਮਾਂਜਵਾਦ ਦਾ ਮਾਨਵੀ-ਕਰਣ ਹੈ :—

'ਜਨਮ ਤੋਂ ਪਹਿਲਾਂ ਮੇਰੇ ਇੱਕ ਜੋਤਸ਼ੀ ਕਹਿੰਦਾ ਰਹਿਆ,
ਇਸ ਦੇ ਹੱਥੋਂ ਹੈ 'ਮਹਾਂ ਰਾਣੀ' ਦੀ ਮੌਤ।"

'ਮਹਾਂ ਰਾਣੀ' ਹੈ ਸਰਮਾਇਦਾਰੀ ਤੇ 'ਜੋਤਸ਼ੀ' ਹੈ ਮਾਰਕਸ। ਇਹ ਮਿਥਿਹਾਸਕ ਹਵਾਲਾ ਕ੍ਰਿਸ਼ਣ ਤੇ ਕੰਸ ਦੀ ਕਥਾ ਯਾਦ ਕਰਾਉਂਦਾ ਹੈ। ਹਰ ਭਾਰਤੀ ਇਸ ਕਹਾਣੀ ਤੋਂ ਜਾਣੂ ਹੈ। ਬਾਵਾ ਬਲਵੰਤ ਇਨ੍ਹਾਂ ਮਿਥਿਹਾਸਕ ਪਰੰਪਰਾਵਾਂ ਦਾ ਆਸਰਾ ਲੈ ਕੇ ਆਧੁਨਿਕ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਦੇਂਦਾ ਹੈ।

"ਪਰਲੈ' ਦਾ ਜ਼ਿਕਰ ਸਭ ਦੇਸ਼ ਦੀਆਂ ਦੇਵਮਾਲਾਂ ਵਿਚ ਮਿਲਦਾ ਹੈ, ਪਰ ਬਾਵਾ ਬਲਵੰਤ ਇਸ ਮਹਾਂ-ਪਰਲੈ ਤੇ ਭਿਆਨਕ ਤੂਫ਼ਾਨ ਨੂੰ ਇਕ ਸੁਲਝੇ ਹੋਏ ਤਰੀਕੇ ਨਾਲ ਵਰਤਦਾ ਹੈ। ਬਾਵੇ ਦਾ ਇਹੀ ਕਮਾਲ ਹੈ ਕਿ ਉਹ ਪਰਲੈ ਦੀ ਵਿਕਾਸਵਾਦੀ ਡੋਰੀ ਨੂੰ ਫੜ ਕੇ ਆਪਣੀ ਕਲਾ ਨਾਲ ਲੜੀ ਜੋੜਦਾ ਹੈ ਜੋ ਕਿ ਉੱਨਤੀ ਵਲ ਜਾ ਰਹੀ ਹੈ ਇਸੇ ਲਈ ਉਹ ਪਿਆਰ ਸੰਬੰਧੀ ਲਿਖਦਾ ਹੈ:—

"ਪਿਆਰ ਹੈ ਨੂਰ ਜੀਵਨ ਦੀ ਬੇੜੀ,
ਮਹਾਂ-ਪਰਲੈ ਤੋਂ ਬਾਦ ਬਚੇਗੀ।"

ਨੂਹ ਦੇ ਤੂਫ਼ਾਨ ਤੋਂ ਬਾਦ ਜ਼ਿੰਦਗੀ ਦਾ ਨਵਾਂ ਦਿਨ ਨਿਕਲਦਾ ਹੈ, ਪਰ ਪਿਆਰ ਰੂਪੀ ਬੇੜੀ ਹੀ ਨਵੀਂ ਦੁਨੀਆਂ ਵਿਚ ਪ੍ਰੀਤਵਾਨਾਂ ਨੂੰ ਬਚਾਉਂਦੀ ਹੈ।

ਮਿਥਿਹਾਸ (ਪਰੰਪਰਾਂ) ਨਾਲ ਭਰਪੂਰ ਬਾਵੇ ਦੀ ਕਵਿਤਾ ਅਮਰ ਰਹੇਗੀ। ਉਸ ਦੀ ਕਵਿਤਾ ਇਤਿਹਾਸ ਚੇਤਨਾ ਨਾਲ ਭਰਪੂਰ ਹੈ ਤੇ ਉਹ ਇਤਿਹਾਸਕ ਪਿਛੋਕੜ ਵਿਚੋਂ ਆਧੁਨਿਕ ਵਿਚਾਰਧਾਰਾ ਦੇ ਪ੍ਰਤੀਕ ਚੁਣਦਾ ਹੈ ਤੇ ਉਸ ਦੀ ਕਵਿਤਾ ਸਾਡੀ ਸਭਿਅਤਾ ਤੇ ਸੰਸਕ੍ਰਿਤੀ ਦੀ ਪ੍ਰਤੀਨਿਧ ਹੈ।

ਮਿਥਿਹਾਸ ਤੇ ਪਰੰਪਰਾ ਦੀ ਪ੍ਰੇਰਣਾ ਦੇ ਪੱਖ ਤੋਂ ਬਾਵਾ ਇਕ ਥਾਂ ਤੇ ਉਕਾਈ ਕਰ ਗਇਆ ਹੈ। 'ਸੁਗੰਧ ਸਮੀਰ' ਤੋਂ ਪਹਿਲਾਂ ਲਿਖੀਆਂ ਕਿਤਾਬਾਂ ਵਿਚ ਉਸ ਨੇ ਮਿਥਿਹਾਸ ਦਾ ਸੋਹਣਾ ਪ੍ਰਯੋਗ ਕੀਤਾ ਹੈ ਤੇ ਇਸ ਤੋਂ ਮਹਾਨ-ਕਰਮਾਂ ਲਈ ਪ੍ਰੇਰਣਾ ਤੇ ਉਤਸ਼ਾਹ ਲਇਆ ਹੈ। ਪਰ 'ਸੁਗੰਧ ਸਮੀਰ' ਪੁਸਤਕ ਦੀ ਕਵਿਤਾ ਵਿਚ ਉਹ ਆਪਣੇ ਹੀ ਖਿਆਲਾਂ ਵਿਚ ਆਤਮ-ਵਿਰੋਧ ਪ੍ਰਗਟਾਉਂਦਾ ਹੈ ਉਹ ਲਿਖਦਾ ਹੈ :—

"ਸੈਂਕੜੇ ਸਦੀਆਂ ਪੁਰਾਣੇ ਇਹ ਗੁਲਾਬ
ਇਹ ਯਾਸਮੀਨ
ਮੁਰਝਾ ਗਏ
ਮੌਤ ਦਾ ਪੈਗ਼ਾਮ ਦੇਂਦੇ ਨੇ ਪਏ
ਹੁਣ ਨਾ ਬਾਕੀ ਤਾਜ਼ਗੀ, ਨਾ ਜ਼ਿੰਦਗੀ
ਇਹ ਨਵੀਂ ਮਹਿਫ਼ਲ ਸਜਾ ਸਕਦੇ ਨਹੀਂ।"

...  ...  ...

"ਮਨੋਹਰ ਭੂਤ ਵਲ ਨਹੀਂ ਮੁੜਦੀ ਨਿਗਾਹ।"

ਇਹ ਕਾਵਿ ਪੰਗਤੀਆਂ ਉਸ ਦੇ ਆਪਣੇ ਹੀ ਦਸੇ ਵਿਚਾਰਾਂ ਦੇ ਉਲਟ ਜਾਂਦੀਆਂ ਹਨ। ਹੋ ਸਕਦਾ ਹੈ ਕਿ ਉਸ ਦਾ ਖਿਆਲ ਪੁਰਾਣੇ ਥੋਥੇ ਫਲਸਫ਼ਿਆਂ ਦੀ ਹੀ ਨਿਦਾ ਕਰਨੀ ਹੋਵੇ ਪਰ ਉਪਰੋਕਤ ਕਵਿਤਾ ਤਾਂ ਸਾਰੇ ਹੀ ਪੁਰਾਤਨ ਵਿਚਾਰਾਂ ਤੇ ਲਕੀਰ ਫੇਰ ਦੇਂਦੀ ਹੈ। ਸਦੀਆਂ ਪੁਰਾਣੇ ਫ਼ਲਸਫ਼ੇ ਵਿਚ ਵੀ ਨਵ-ਯੁਗ-ਚੇਤਨਾ ਹੁੰਦੀ ਹੈ, ਇਸ ਨੂੰ ਉੱਕਾ ਹੀ ਨਿੰਦ ਦੇਣਾ ਅਯੋਗ ਹੈ। ਜੇ ਸਾਰੇ ਹੀ ਪੁਰਾਤਨ ਵਿਚਾਰ ਨਿੰਦਨੀਯ ਹੋਣ ਤਾਂ ਅਜ ਇਨ੍ਹਾਂ ਨੂੰ ਕੋਈ ਵੀ ਨਾ ਪੜ੍ਹੇ। ਇਹ ਤਾਂ ਸਾਡੀ ਸੰਸਕ੍ਰਿਤੀ ਦੀਆਂ ਉਹ ਮਹਾਨ ਪੌੜੀਆਂ ਹਨ ਜਿਨ੍ਹਾਂ ਦੇ ਆਸਰੇ ਅਸਾਂ ਬੌਧਿਕ-ਵਿਕਾਸ ਕੀਤਾ ਹੈ।

ਕੁਦਰਤ ਸਾਡੇ ਜੀਵਨ ਦਾ ਇਕ ਅਟੁੱਟ ਅੰਗ ਹੈ। ਆਦਿ ਕਾਲ ਵਿਚ ਮਾਨਵ ਬਜ਼ੁਰਗ ਕੁਦਰਤ ਦੀ ਅਨੰਤਤਾ, ਵਿਚਿਤ੍ਰਤਾ ਤੇ ਅਸੀਮਤਾ ਵੇਖ ਕੇ ਵਿਸਮਾਦਿਤ ਹੋ ਗਇਆ ਸੀ। ਕੁਦਰਤ ਦੇ ਨਿਤ-ਨਵੇਂ ਭੇਦ ਉਸ ਲਈ ਅਜੂਬਾ ਸਨ। ਵਗਦੇ ਝਰਨੇ, ਸ਼ੂਕਾਂ ਮਾਰਦੇ ਦਰਿਆ, ਮਿਠੀ-ਮਧੁਰ ਸਮੀਰ ਉਹਦੇ ਅੰਦਰ ਜਜ਼ਬਿਆਂ ਦਾ

ਇਕ ਵੇਗ ਭਰ ਦੇਂਦੀ ਸੀ । ਉਹ ਇਸ ਕੁਦਰਤ ਨੂੰ ਸਦੀਵ ਤੌਰ ਤੇ ਮਾਣਨਾ ਚਾਹੁੰਦਾ ਸੀ । ਅਜਿਹਾ ਹੋਣਾ ਮੁਸ਼ਕਲ ਸੀ, ਤਾਂ ਮਨੁਖ ਦੇ ਦਿਲ ਵਿਚ ਕੁਦਰਤ ਨੂੰ ਨਕਲ ਕਰਨ ਦਾ ਜਜ਼ਬਾ ਜਾਗਿਆ । ਇਸੇ ਭਾਵ ਉਮੰਗ ਵਿਚੋਂ ਕਲਾ ਨੇ ਜਨਮ ਲਇਆ । ਕੁਦਰਤ ਦੀ ਨਕਲ ਵਿਚੋਂ ਪਹਿਲਾਂ ਚਿਤ੍ਰਕਲਾ ਪੈਦਾ ਹੋਈ ਪਰ ਹੌਲੀ ਹੌਲੀ ਇਹ ਕੁਦਰਤ ਕਲਾ ਦੇ ਹਰ ਰੂਪ ਦਾ ਵਿਸ਼ੇਸ਼ ਅੰਗ ਬਣ ਗਈ। ਕਵਿਤਾ ਵਿਚ ਕੁਦਰਤ ਮਨੁਖ ਦੀ ਉਸ ਪ੍ਰਬਲ ਰੀਝ ਨੂੰ ਪੂਰਾ ਕਰਦੀ ਸੀ । ਭਾਰਤ ਦੇ ਸੰਸਕ੍ਰਿਤ ਕਾਵਿ ਵਿਚ ਕੁਦਰਤ ਦੀਆਂ ਵਿਚਿਤ੍ਰ ਲੀਲਾਵਾਂ ਦਾ ਵਰਣਨ ਹੈ । ਕਾਲੀ ਦਾਸ ਤਾਂ ਇਸ ਪੱਖ ਤੋਂ ਸਰਵ-ਸ੍ਰੇਸ਼ਟ ਮੰਨਿਆ ਜਾਂਦਾ ਹੈ । ਆਧੁਨਿਕ ਯੁਗ ਵਿਚ ਪੰਤ ਤੇ ਭਾਈ ਵੀਰ ਸਿੰਘ ਕੁਦਰਤ ਵਿਵਰਣ ਦੇ ਸ਼ਾਹਕਾਰ ਸਮਝੇ ਜਾਂਦੇ ਹਨ ਪਰ ਬਾਵੇ ਦਾ ਕੁਦਰਤ ਚਿਤ੍ਰਣ ਇਨ੍ਹਾਂ ਸਭਨਾਂ ਨਾਲੋਂ ਵਿਲੱਖਣ ਹੈ । ਪੰਤ ਤਾਂ ਕੁਦਰਤ ਦੀ ਨਿਰੀ ਸੁੰਦਰਤਾ ਦਾ ਉਪਾਸਕ ਹੈ, ਭਾਈ ਵੀਰ ਸਿੰਘ ਸੁੰਦਰਤਾ-ਉਪਾਸ਼ਨਾ ਦੇ ਨਾਲ ਨਾਲ ਧਾਰਮਿਕ ਵਿਚਾਰਾਂ ਦੇ ਪ੍ਰਤੀਕ ਲਭਦਾ ਹੈ । ਬਾਵਾ ਕੁਦਰਤ ਦੁਆਰਾ ਮਨੁਖ ਨੂੰ ਨਵ-ਯੁਗ ਦਾ ਨਵ-ਚੇਤਨਾ-ਭਰਪੂਰ ਸੁਨੇਹਾ ਦੇਂਦਾ ਹੈ । ਬਿਆਨ ਸ਼ਕਤੀ ਉਸ ਦੀ ਵੀ ਪ੍ਰਬੀਨ ਹੈ ਧਰ ਉਹ ਕੁਦਰਤ ਨੂੰ ਬਿਲਕੁਲ ਹੀ ਨਵ-ਰੂਪ ਵਿਚ ਚਿਤ੍ਰਦਾ ਹੈ ।

'ਹਵਾ ਵਗਦੀ ਰਹੇ' ਕਵਿਤਾ ਇਸ ਪਖ ਤੋਂ ਬਹੁਤ ਪ੍ਰਸ਼ੰਸਨੀਯ ਹੈ । ਠੰਡੀ-ਮਧੁਰ ਹਵਾ ਦਾ ਝੋਂਕਾ ਕਵੀ ਨੂੰ ਮਾਨਸਿਕ ਸ਼ਾਂਤੀ ਬਖਸ਼ਦਾ ਹੈ ਪਰ ਕਵੀ ਆਮ ਕਵੀਆਂ ਵਾਂਗ 'ਦੇ ਹਵਾ ਦਾ ਜੀਵਨ ਸਾਨੂੰ' ਤੇ ਹੀ ਨਹੀਂ ਸੀਮਿਤ ਰਹਿੰਦਾ, ਉਹ ਹਵਾ ਦੀ ਮਧੁਰਤਾ ਤੋਂ ਮਧੁਰ-ਜੀਵਨ ਦੀ ਪ੍ਰੇਰਣਾ ਚਾਹੁੰਦਾ ਹੈ । ਹਵਾ ਉਸ ਦੀ ਮਾਨਿਸਕ ਗੰਦਗੀਆਂ ਉਡਾਉਣ ਵਿਚ ਸਹਾਈ ਹੋਵੇ, ਇਹ ਉਸ ਦੀ ਦਿਲੀ ਤਮੰਨਾ ਹੈ । ਉਹ ਰੋਮਾਂਸ ਤੇ ਕਲਪਣਾ ਦੇ ਮੰਡਲਾਂ ਵਿਚ ਰਹਿਣ ਵਾਲੇ ਕਵੀਆਂ ਨੂੰ ਪੜਚੋਲਦਾ ਹੋਇਆ ਲਿਖਦਾ ਹੈ :—

"ਮੈਂ ਨਹੀਂ ਚਾਹੁੰਦਾ ਕਿ ਮਿਲ ਜਾਏ ਹਵਾ ਦੀ ਜ਼ਿੰਦਗੀ;
ਇਹ ਤਮੰਨਾ ਹੈ ਕਿ ਬਣ ਜਾਵਾਂ ਕਦੀ ਮੈਂ 'ਆਦਮੀ !'

ਉਹ ਵਰਡਜ਼ਵਰਥ ਵਾਂਗ ਕੁਦਰਤ ਵਿਚ ਹੀ ਅਭੇਦ ਹੋਣਾ ਨਹੀਂ ਲੋਚਦਾ, ਉਹ ਤਾਂ ਉਸ ਦੀਆਂ ਵਿਸ਼ੇਸ਼ਤਾਈਆਂ ਤੇ ਸ਼ਕਤੀਆਂ ਤੋਂ ਮਾਨਵ-ਮਨ ਦੀ ਕਾਲਖ ਧੋਣਾ ਚਾਹੁੰਦਾ ਹੈ । ਵਗਦੀ ਠੰਡੀ ਹਵਾ ਕਿਸ ਨੂੰ ਪ੍ਰਭਾਵਤ ਨਹੀਂ ਕਰਦੀ ਪਰ ਉਹ ਕੁਦਰਤ 'ਚੋਂ ਇਹ ਛਿਨ ਭੰਗਰ ਦੀ ਖੁਸ਼ੀ ਹੀ ਨਹੀਂ ਗ੍ਰਹਿਣ ਕਰਨਾ ਚਾਹੁੰਦਾ ਸਗੋਂ ਡੂੰਘਾਈਆਂ ਤਕ ਪਹੁੰਚਣਾ ਚਾਹੁੰਦਾ ਹੈ । ਜਿਵੇਂ ਫ਼ਰਸ਼ਾਂ ਤੇ ਧੂੜ ਜੰਮ ਜਾਂਦੀ ਹੈ ਇਸੇ ਤਰ੍ਹਾਂ ਮਨੁਖੀ ਮਨ ਤੇ ਕਈ ਪ੍ਰਕਾਰ ਦੀਆਂ ਧੂੜ-ਤੈਹਾਂ ਚੜ੍ਹ ਜਾਂਦੀਆਂ ਹਨ । ਕਾਮ-ਹੰਕਾਰ, ਅਗਿਆਨਤਾ ਤੇ ਹੋਰ ਕਈ ਪ੍ਰਕਾਰ ਦੀਆਂ ਗਲਾਜ਼ਤਾਂ । ਬਾਵਾ ਹਵਾ ਨੂੰ ਕਹਿੰਦਾ ਹੈ :-

ਇਕ ਹਵਾ ਆਏ, ਉਡਾਏ ਮੇਰੀ ਕਾਲੀ ਧੂੜ ਨੂੰ,
ਇਕ ਹਵਾ ਆਏ ਤਾਂ ਡੇਗੇ ਮੇਰੇ ਪਰਬਤ-ਕੂੜ ਨੂੰ,
ਇਕ ਹਵਾ ਆ ਕੇ ਬੁਝਾਏ ਚੰਮ-ਖੁਸ਼ੀ ਦੀ ਲਾਟ ਨੂੰ,
ਇਕ ਹਵਾ ਰੋਸ਼ਨ ਕਰੇ ਦੁਖ-ਜ਼ਿੰਦਗੀ ਦੀ ਵਾਟ ਨੂੰ ।

ਉਸ ਦੀ ਲਾਲੀ ਕਿੰਨੀ ਪਿਆਰੀ ਹੈ । ਮਧੁਰ ਸੁਮੀਰ ਵਿਚ ਬਾਲ-ਸੂਰਜ ਦੀ ਲੋ ਦਾ ਅਨੰਦ ਕਵੀ ਮਨ ਨੂੰ ਕਵਿਤਾ ਲਿਖਣ ਦੀ ਪ੍ਰੇਰਣਾ ਦੇਂਦਾ ਹੈ । ਆਮ ਕਵੀ ਇਸ ਰੰਗਾ-ਰੰਗ ਭਰਪੂਰ ਕੁਦਰਤ ਦੇ ਵਿਸਤਾਰਾਂ ਵਿਚ ਹੀ ਮਸਤ ਹੋ ਜਾਂਦੇ ਹਨ, ਪਰ ਬਾਵਾ ਇਨ੍ਹਾਂ ਤੋਂ ਦੋ ਕਦਮ ਅਗਾਂਹ ਜਾਂਦਾ ਹੈ । ਇਸ ਦਾ ਭਾਵ ਇਹ ਨਹੀਂ ਕਿ ਉਹ ਕੁਦਰਤ ਦਾ ਵਰਣਨ ਨਹੀਂ ਕਰਦਾ, ਮੇਰੇ ਖਿਆਲ ਅਨੁਸਾਰ ਜਿੰਨੀ ਡੂੰਘਾਈ ਤੇ ਯਥਾਰਥਕਤਾ ਉਸ ਦੇ ਕੁਦਰਤ-ਵਰਣਨ ਵਿਚ ਹੈ ਉੱਨੀ ਹੋਰ ਕਿਸੇ ਕਵੀ ਵਿਚ ਨਹੀਂ । ਉਸ ਦਾ ਕੁਦਰਤ ਸੰਬੰਧੀ ਡੂੰਘਾ ਗਿਆਨ ਵੇਖੋ ਹੇਠ ਲਿਖੀਆਂ ਸਤਰਾਂ ਵਿਚ :-

ਦੌੜਦੀ ਏ ਨੀਂਦ ਤੇਰੇ ਸੁਖ-ਸੁਨਹਿਰੀ ਰਾਗ ਤੋਂ
ਹਨੇਰ ਜਾਲ ਲਹਿਣ ਸਾਗਰਾਂ ਦੇ ਮੂੰਗਾ-ਬਾਗ ਤੋਂ ।

ਸਾਗਰਾਂ ਦਾ 'ਮੂੰਗਾ ਬਾਗ' ਸਾਗਰ ਦੀ ਅਨੰਤ ਤਹਿ ਹੈ ਜਿਥੋਂ ਤਕ ਅਜ ਤਕ ਅਜ ਦਾ ਇਤਿਹਾਸ ਵਿਗਿਆਨਕ ਸਨੁੱਖ ਵੀ ਨਹੀਂ ਪੁਜ ਸਕਿਆ । ਇਹ ਭੌਤਿਕ ਵਿਗਿਆਨ ਦੀ ਸਚਾਈ ਹੈ ਕਿ ਸੂਰਜ ਡੁਬਣ ਤੇ ਸਮੁੰਦਰ ਦੀ ਤਹਿ ਦੀ ਬਨਸਪਤੀ ਸੌਂ ਜਾਂਦੀ ਹੈ ਤੇ ਉਸ਼ਾ ਦੀ ਲਾਲੀ ਦੇ ਨਾਲ ਜਾਗਦੀ ਹੈ । ਇਸ ਤੋਂ ਉਸ ਦੀ ਕੁਦਰਤ-ਗਿਆਨ ਦੀ ਬਰੀਕੀ ਦਾ ਅੰਦਾਜ਼ਾ ਲਗ ਸਕਦਾ ਹੈ ਫਿਰ ਉਹ ਸਵੇਰ ਦੀ ਉਸ਼ਾ ਤੋਂ ਕੀ ਮੰਗਦਾ ਹੈ ਇਹ ਉਸ ਤੋਂ ਵੀ ਮਹਾਨ ਕਰਮ ਹੈ । ਸੰਸਕ੍ਰਿਤ ਸਾਹਿਤ ਵਿਚ ਵੀ ਉਸ਼ਾ ਤੋਂ ਬਹੁਤ ਕੁਛ ਮੰਗਿਆ ਜਾਂਦਾ ਸੀ । ਰਿਗਵੇਦ ਵਿਚ ਇਕ ਗੀਤ ਹੈ ਕਿ ਇਕ ਆਰੀਆ ਉਸ਼ਾ ਤੋਂ ਕੀ ਮੰਗਦਾ ਹੈ । ਉਹ ਰਜਵਾਂ ਅਨਾਜ, ਸੋਹਣੀ ਸਿਹਤ; ਸੋਮ ਰਸ ਤੇ ਹੋਰ ਕਈ ਚੀਜ਼ਾਂ ਮੰਗਦਾ ਹੈ, ਪਰ ਇਹ ਸਾਰੀਆਂ ਹੀ ਭਾਵਨਾਵਾਂ ਵਿਅਕਤੀਗਤ ਹਨ । ਪੰਜਾਬੀ ਕਾਵਿ ਵਿਚ ਪ੍ਰੋ: ਮੋਹਨ ਸਿੰਘ ਨੇ ਤੇ ਦੇਵਿੰਦਰ ਸਤਿਆਰਥੀ ਤੇ ਪਿਆਰਾ ਸਿੰਘ ਸਹਿਰਾਈ ਨੇ ਇਕ ਇਕ ਕਵਿਤਾ 'ਸਵੇਰ' ਸੰਬੰਧੀ ਲਿਖੀ ਹੈ । ਤੁਲਨਾਤਮਕ ਪੱਖ ਤੋਂ ਇਹ ਸਾਰੇ ਕਵੀ ਬਾਵਾ ਦੀ ਉਸ਼ਾ ਦਾ ਆਪਣੀ ਰਚਨਾ ਦੁਆਰਾ ਟਾਕਰਾ ਨਹੀਂ ਕਰਦੇ । ਬਾਵਾ ਉਸ਼ਾ ਕੋਲੋਂ ਵਿਸ਼ਵ-ਕਲਿਆਣ, ਗਿਆਨ-ਦਾਨ, ਏਕਤਾ ਤੇ ਸ਼ੁਭ ਕਰਮਾਂ ਦੀ ਪ੍ਰੇਰਨਾ ਮੰਗਦਾ ਹੈ । ਇਸੇ ਵਿਚ ਉਹ ਕਾਮਿਆਂ ਕਿਰਤੀਆਂ ਦੀ ਖੁਸ਼ਹਾਲੀ ਮੰਗਦਾ ਹੈ ਤੇ ਨਾਲ ਆਪਣੀ ਕਲਸ ਲਈ ਖਿਆਲਾਂ ਦੀ ਨਵ-ਉਸ਼ਾ ਮੰਗਦਾ ਹੈ ਜਿਹੜੀ ਦਿਸਦੇ ਪਸਾਰ ਵਿਚ ਖਿਆਲਾਂ ਦੀ ਉਸ਼ਾ ਦਾ ਚਾਣਨ ਪੁਚਾ ਦੇਵੇ:—

ਆਦਰਸ਼ ਹਰ ਮਨੁੱਖ ਨੂੰ ਮਹਾਨ ਤੋਂ ਮਹਾਨ ਦੇ;

... ... ...

ਸਮੇਂ ਨੂੰ ਏਕਤਾ, ਸਮਾਨਤਾ ਦਾ ਗੂੜ੍ਹ ਰੰਗ ਦੇ,
ਮਿਟਾ ਜਹਾਨ ਤੋਂ ਕਲੇਸ਼ ਇਸ ਫ਼ਰੇਬ-ਜੰਗ ਦੇ ।

... ... ...

ਮੇਰੀ ਕਲਮ ਨੂੰ, ਹੇ ਉਸ਼ੇ, ਕੋਈ ਨਵੀਂ ਸਵੇਰ ਦੇ !
ਮੇਰੇ ਖਿਆਲ ਜ਼ੱਰੇ ਜ਼ੱਰੇ ਤੇ ਕਦੀ ਖਲੇਰ ਦੇ !

ਇਸ ਤੋਂ ਇਲਾਵਾ ਉਸ ਦੀਆਂ ਕਵਿਤਾਵਾਂ 'ਰਾਤ੍ਰੀ ਨੂੰ' ਤੇ 'ਸੁਨਹਿਰੀ ਸ਼ਾਮ' ਕੁਦਰਤ ਕਾਵਿ ਵਿਚ ਬਹੁਤ ਉੱਚਾ ਦਰਜਾ ਰਖਦੀਆਂ ਹਨ ।

ਪੰਜਾਬੀ ਸਾਹਿਤ ਦੀ ਕਾਵਿ-ਆਤਮਾ ਮੁਢ ਤੋਂ ਹੀ ਕ੍ਰਾਂਤੀਕਾਰੀ ਜਾਂ ਸੁਧਾਰਕ ਰਹੀ ਹੈ ਕਿਉਂਕਿ ਪੰਜਾਬੀ ਸਾਹਿਤ ਇਕ ਲੋਕ-ਸਾਹਿਤ ਹੈ । ਬਾਵਾ ਬਲਵੰਤ ਇਸ ਯੁੱਗ ਦਾ ਮਹਾਨ ਕ੍ਰਾਂਤੀਕਾਰੀ ਕਵੀ ਹੈ । ਪ੍ਰੋ: ਮੋਹਨ ਸਿੰਘ ਨੇ ਵੀ ਉਸ ਬਾਰੇ ਲਿਖਿਆ ਹੈ।

"ਇਨਕਲਾਬੀ ਕਵਿਤਾ ਵਿਚ ਬਾਵਾ ਬਲਵੰਤ ਦਾ ਕੋਈ ਟਾਕਰਾ ਨਹੀਂ ਕਰਦਾ ।"

ਬਾਵਾ ਸਾਧਾਰਣ ਕਵੀਆਂ ਵਾਂਗ ਨਆਰੇਬਾਜ਼ ਕਵੀ ਨਹੀਂ । ਅਸੀਂ ਮੰਨਦੇ ਹਾਂ ਕਿ ਆਧੁਨਿਕ ਯੁਗ ਵਿਚ ਪੰਜਾਬੀ ਸਾਹਿਤ ਵਿਚ ਬਹੁਤ ਸਾਰੇ ਕ੍ਰਾਂਤੀਕਾਰੀ ਕਵੀ ਪੈਦਾ ਹੋਏ ਹਨ ਪਰ ਮੇਰੇ ਕਵੀ ਵੀਰ ਮੈਨੂੰ ਮੁਆਫ਼ ਕਰਨ, ਜੇ ਮੈਂ ਇਹ ਕਹਾਂ ਕਿ ਪੰਜਾਬੀ ਦੀ ਬਹੁਤੀ ਪ੍ਰਗਤੀਵਾਦੀ ਕਵਿਤਾ ਰਵਾਇਤੀ ਤੇ ਦੇਖਾ ਦੇਖੀ 'ਚੋਂ ਪੈਦਾ ਹੋਈ ਹੈ ਤਾਂ ਜੋ ਸਸਤੀ ਵਾਹ ਵਾਹ ਮਿਲ ਸਕੇ । ਬਹੁਤ ਪ੍ਰਗਤੀਵਾਦੀਆਂ ਦਾ ਜੀਵਨ-ਅਮਲ ਕੁਛ ਹੋਰ ਹੈ ਤੇ ਸਾਹਿਤ ਹੋਰ । ਕੋਈ ਵੀ ਖਿਆਲ ਜੋ ਅੰਤਹਕਰਣ 'ਚੋਂ ਨਹੀਂ ਨਿਕਲਦਾ, ਉਹ ਸਮਾਜ ਨਾਲ ਧੋਖਾ ਹੈ । ਕਈ ਪ੍ਰਗਤੀਵਾਦੀਆਂ ਨੂੰ ਪ੍ਰਗਤੀਵਾਦ ਜਾਂ ਦੂਸਰੇ ਸ਼ਬਦਾਂ ਵਿਚ ਸਮਾਜਵਾਦ ਦਾ "ੳ ਅ" ਨਹੀਂ ਆਉਂਦਾ ਤੇ ਉਹ ਐਵੇਂ ਹੀ ਲੋਕ-ਨਾਅਰਿਆਂ ਦੇ ਅਧੀਨ ਕਵਿਤਾ ਲਿਖੀ ਜਾ ਰਹੇ ਹਨ । ਬਾਵਾ ਜਮਾਤਾਂ ਦੇ ਲਿਹਾਜ਼ ਨਾਲ ਘਟ ਪੜ੍ਹਿਆ ਹੈ ਪਰ ਜਿਸ ਵੀ ਵਿਸ਼ੇ ਤੇ ਉਹ ਕਵਿਤਾ ਲਿਖਦਾ ਹੈ, ਉਸ ਸੰਬੰਧੀ ਡੂੰਘਾ ਗਿਆਨ ਰਖਦਾ ਹੈ । ਕ੍ਰਾਂਤੀ ਦੇ ਪੱਖ ਤੋਂ ਉਸ ਦੀ ਟਿਕ ਹੀ ਕਵਿਤਾ 'ਸਮਾਜਵਾਦ' ਇਸ ਖੇਤਰ ਵਿਚ ਸਿਖਰਮਈ ਕਵਿਤਾਵਾਂ ਵਿਚੋਂ ਇਕ ਹੈ । ਇਸ ਵਿਚ ਉਸ ਨੇ ਸਮਾਜਵਾਦ ਦਾ ਮਾਨਵੀਕਰਣ ਕੀਤਾ ਹੈ । ਆਉਣ ਵਾਲਾ ਭਵਿਖਤ ਇਨ੍ਹਾਂ ਵਿਚਾਰਾਂ ਦੇ ਹੱਥ ਹੈ ਜਿਸ ਨੂੰ ਕੋਈ ਨਹੀਂ ਰੋਕ ਸਕਦਾ । ਜਿਸ ਤਰ੍ਹਾਂ ਕੰਸ ਦੇ ਅਨੇਕ ਯਤਨ ਕ੍ਰਿਸ਼ਨ ਨੂੰ ਖਤਮ ਨਾ ਕਰ ਸਕੇ, ਇਸੇ ਤਰ੍ਹਾਂ ਸਰਮਾਇਦਾਰੀ ਦੀ ਮਹਾਰਾਣੀ ਦੇ ਅਨੇਕਾਂ ਯਤਨ ਇਨ੍ਹਾਂ ਨਵੇਂ ਬਦਲਾਂ ਨੂੰ ਨਹੀਂ ਰੋਕ ਸਕੇ । ਇਹ ਤਾਂ ਹੋਈ ਸਾਧਾਰਣ ਗਲ । ਕਵੀ ਇਸ ਤੋਂ ਵੀ ਅਗੇ ਜਾਂਦਾ ਹੈ । ਉਹ ਵਿਕਾਸਵਾਦੀ ਕਵੀ

ਹੈ ਤੇ ਸਮਝਦਾ ਹੈ ਕਿ ਕੋਈ ਇਕ ਫ਼ਲਸਫ਼ਾ ਹੀ ਸਜੀਵ-ਕਲਿਆਨ ਦਾ ਕਾਰਣ ਨਹੀਂ ਬਣ ਸਕਦਾ। ਉਹ ਸਮਾਜਵਾਦ ਤੋਂ ਵੀ ਅਗਲੀ ਮੰਜ਼ਲ ਵਲ ਇਸ਼ਾਰਾ ਕਰਦਾ ਹੈ। ਇਥੇ ਕ੍ਰਾਂਤੀਕਾਰੀ ਕਵੀ ਬਾਵਾ 'ਇਕ ਹੀ ਮੰਜ਼ਲ' ਤੇ ਰੁਕਣ ਵਾਲਿਆਂ ਨੂੰ ਚਿਤਾਵਣੀ ਦੇਂਦਾ ਹੈ, ਉਹ ਲਿਖਦਾ ਹੈ :

ਉਸ ਤੋਂ ਪਿਛੋਂ ਹੋਰ ਹੋ ਸਕਦਾ ਏ ਰਹਿਮਤ ਦਾਂ ਨਿਜ਼ਾਮ।  
ਸੂਝ ਇਨਸਾਨੀ ਕਿਸੇ ਦੀ ਰਹਿ ਨੀਂ ਸਕਦੀ ਗੁਲਾਮ,  
ਜ਼ਿੰਦਗਾਨੀ ਨੂੰ ਸਦੀਵੀ ਬੇੜੀਆਂ ਕੋਈ ਨਹੀਂ।  
ਜ਼ਿੰਦਗੀ ਦੇ ਸੁਪਨਿਆਂ ਦੀ ਮੈਂ ਹਾਂ ਇਕ ਤਸਵੀਰ ਹੀ।

ਸਮਾਜਵਾਦ ਹੀ ਕੋਈ ਅੰਤਮ ਮੰਜ਼ਲ ਨਹੀਂ। ਇਹ ਗਲ ਆਖ ਕੇ ਬਾਵਾਂ ਸਮਕਾਲੀ ਬੋਲੀਆਂ ਦੇ ਕਵੀਆਂ ਨਾਲੋਂ ਵੀ ਅਗੇ ਲੰਘ ਗਇਆ ਹੈ !

ਬਾਵਾ ਇਕ ਚੰਗਾ ਕਲਾਕਾਰ ਹੁੰਦਾ ਹੋਇਆ ਕਲਾ ਲਈ ਅਥਾਹ ਪਿਆਰ ਰਖਦਾ ਹੈ। ਚਿਤ੍ਰ ਕਲਾ ਤੇ ਰੰਗ ਕਲਾ ਸੰਬੰਧੀ ਉਸ ਨੂੰ ਕਾਫੀ ਸੂਝ ਹੈ। ਭਾਰਤ ਦੇ ਪ੍ਰਸਿਧ ਚਿਤ੍ਰਕਾਰ ਉਸ ਦੇ ਮਿਤ੍ਰ ਹਨ। ਉਹ ਸਮਝਦਾ ਹੈ ਕਿ ਕਲਾ ਹੀ ਇਕ ਅਜਿਹਾ ਕੋਮਲ ਸਾਧਨ ਹੈ ਜੋ ਕੌਮਾਂ ਵਿਚ ਜਾਗ੍ਰਿਤੀ ਲਿਆ ਸਕਦਾ ਹੈ, ਗੁਲਾਮ ਰੂਹਾਂ ਵਿਚ ਸੁਤੰਤਰ ਆਤਮਾ ਦਾ ਸੰਚਾਰ ਕਰ ਸਕਦਾ ਹੈ, ਕਲਾ ਅਮਰ ਹੈ ਤੇ ਇਸ ਦੁਆਰਾ ਦਿਤਾ ਗਇਆ ਸੰਦੇਸ਼ਾ ਵੀ ਅਮਰ ਹੈ। ਕਲਾਕਾਰਾਂ ਕਾਰਣ ਹੀ ਧਰਤੀ ਦਾ ਨਰਕ ਵੀ ਸੁਹਜ ਸੁਆਦ ਭਰਪੂਰ ਹੋ ਜਾਂਦਾ ਹੈ। ਕਲਾ-ਪਿਆਰ ਸੰਬੰਧੀ ਭਾਈ ਵੀਰ ਸਿੰਘ ਦੀ ਰਚਨਾ ਵੀ ਸਲਾਹੁਣ ਯੋਗ ਹੈ ਪਰ ਬਾਵਾ ਬਲਵੰਤ ਵਿਚ ਉਸ ਨਾਲੋਂ ਕਿਤੇ ਅਥਾਹ ਕਲਾ-ਪਿਆਰ ਹੈ ਕਿਉਂਕਿ ਉਹ ਕਲਾ ਦੀ ਕ੍ਰਾਂਤੀਕਾਰੀ ਆਤਮਾ ਤੋਂ ਚੰਗੀ ਤਰ੍ਹਾਂ ਵਾਕਿਫ਼ ਹੈ। ਉਹ ਲਿਖਦਾ ਹੈ :—

"ਅਰਸ਼-ਕਲਾ ਤੋਂ ਦਿਨ ਉਪਜੇਗਾ, ਕਾਲੀ-ਰਾਤ ਜਗਤ ਵਿੱਚ,  
ਇਸ ਤੋਂ ਮਾਨਵਤਾ ਜਾਗੇਗੀ, ਮੂਰਖਤਾ ਦੀ ਰੱਤ ਵਿੱਚ।"

ਤੂਲਿਕਾ ਚਿਤ੍ਰਕਾਰ ਦੀ ਕੂਚੀ ਹੈ। ਬਲਵੰਤ ਕਿਸੇ ਅਤਿ ਗਰਮੀ ਦੇ ਦਿਨ ਇਕ ਠੰਡੇ ਕੁਦਰਤੀ ਵਾਤਾਵਰਣ ਦਾ ਚਿਤ੍ਰ ਵੇਖਦਾ ਹੈ, ਉਸ ਨੂੰ ਸਾਰੀ ਗਰਮੀ ਭੁੱਲ ਜਾਂਦੀ ਹੈ। ਚਿਤ੍ਰ ਵਿਚਲੇ ਬਣਾਉਟੀ ਬਦਲਾਂ ਨੇ ਉਸ ਨੂੰ ਠੰਡ ਪਾ ਦਿਤੀ। "ਤੂਲਿਕਾ" ਕਵਿਤਾ ਦੁਆਰਾ ਬਾਵਾ ਬਲਵੰਤ ਚਿਤ੍ਰ ਕਲਾ ਦੇ ਉਸ ਕਾਰਜ ਨੂੰ ਪ੍ਰਗਟਾਉਂਦਾ ਹੈ ਜੋ ਸਾਕਾਰ ਨੂੰ ਨਿਰਾਕਾਰ ਕਰਕੇ ਸਾਡੇ ਕੋਲ ਬਿਨਾ ਦੇਂਦੀ ਹੈ। ਇਸੇ ਤਰ੍ਹਾਂ ਕਲਾ ਨਿਰਾਕਾਰ ਨੂੰ ਸਾਕਾਰ ਬਣਾਉਂਦੀ ਹੈ। ਇਥੇ ਬਲਵੰਤ **Theory of Transportation** ਨੂੰ ਦਸਣਾ ਚਾਹੁੰਦਾ ਹੈ। ਚਿਤ੍ਰਕਾਰ ਧਰਤੀ ਦਾ ਦੂਸਰਾ ਰਬ ਹੈ, ਜੋ ਬਹੁਤ ਸ਼ਕਤੀਸ਼ਾਲੀ ਹੈ। ਇਹੋ ਭਾਵ ਰਿਸ਼ੀ ਰੋਰਚ ਨੇ ਵੀ ਪ੍ਰਗਟਾਏ ਹਨ :—

"ਚਿਤ੍ਰਕਾਰ ਦਾ ਕੰਮ ਰਬ ਦੇ ਸ਼ੁਰੂ ਕੀਤੇ ਕੰਮ ਨੂੰ ਅਗੇ ਜਾਰੀ ਰਖਣਾ ਹੈ। ਲੋਕਾਂ ਨੂੰ ਨਿਤ ਕੁਦਰਤ ਦੇ ਚਮਤਕਾਰ ਵਿਖਾਉਣੇ ਕਲਾਕਾਰ ਦਾ ਜੀਵਨ ਮੰਤਵ ਹੈ।"

ਬਲਵੰਤ ਨੂੰ ਚਿਤ੍ਰਕਾਰ ਦੀ ਇਸ ਅਥਾਹ ਅਪਾਰ ਸ਼ਕਤੀ ਦਾ ਗਿਆਨ ਹੈ। ਚਿਤ੍ਰ-ਕਲਾ ਤਹਿਜ਼ੀਬ ਬਣਾਉਂਦੀ ਹੈ, ਇਤਿਹਾਸ ਦੇ ਵਰਕ ਲਿਖਦੀ ਹੈ ਤੇ ਇਸ ਤੋਂ ਇਨਸਾਨੀਅਤ ਦੇ ਵਧਣ ਫੁਲਣ ਦੀ ਆਸ ਹੈ :—

"ਜਾਂਦੇ ਵਿਖਾਂ ਰਹੀ ਏ, ਆਉਂਦੇ ਬਣਾ ਰਹੀ ਏ।
ਖਾਮੋਸ਼ ਚਿਤ੍ਰਾਂ ਤੇ ਇਤਿਹਾਸ ਗਾ ਰਹੀ ਏ।
ਖ੍ਵਾਜਾ ਖਿਜ਼ਰ ਨੂੰ ਜਿਸ ਨੇ ਦਿਤੀ ਹੈ ਅਮਰ ਸੂਰਤ।
ਉਸ ਤੋਂ ਬਣੇਗੀ ਪੂਰਨ ਇਨਸਾਨੀਅਤ ਦੀ ਮੂਰਤ।"

ਕਲਾ ਬਿਨਾ ਧਰਤੀ ਕੀ ਹੈ ? ਵਿਸ਼ਾਲ ਜੰਗਲਾਂ, ਉਚੇ ਪਰਬਤਾਂ ਤੇ ਅਥਾਹ ਅਗਮ ਸਾਗਰਾਂ ਦਾ ਸੰਗ੍ਰਹਿ । ਇਸ ਵਿਸ਼ਾਲ ਧਰਤੀ ਵਿਚ ਕਲਾ ਨੇ ਜੀਵਨ-ਜੋਤ ਜਗਾਈ। ਕਲਾਕਾਰ ਸੁੰਦਰਤਾ ਮਾਰਗ ਦੇ ਰਾਹੀ ਹਨ ਜੋ ਲੰਘਦੇ ਲੰਘਦੇ ਆਪਣੇ ਆਲੇ ਦੁਆਲੇ ਨੂੰ ਵੀ ਨੂਰੋ ਨੂਰ ਕਰਦੇ ਜਾਂਦੇ ਹਨ। ਕਲਾਕਾਰਾਂ ਦੀ ਸੁਗੰਧੀ ਸਦੀਵੀ ਹੈ। ਇਹ ਖਿਆਲ ਬਲਵੰਤ ਨੇ ਆਪਣੀ ਕਵਿਤਾ ਯਾਤ੍ਰੀ ਵਿਚ ਦਿਤੇ ਹਨ, ਜੋ ਉਸ ਨੇ ਕਵੀ ਤੇ ਚਿਤ੍ਰਕਾਰ ਦੇ ਲੰਕਸ਼ ਬਾਰੇ ਲਿਖੀ ਹੈ।

ਉਸ ਦੇ ਕਲਾ-ਪਿਆਰ ਵਿਚ ਨਿਰਪਖਤਾ ਹੈ। ਜੇ ਉਸ ਭਾਰਤੀ ਨਾਚ, ਸੰਗੀਤ, ਰਾਗ ਤੇ ਚਿਤ੍ਰਕਲਾ ਤੇ ਕਵਿਤਾਵਾਂ ਲਿਖੀਆਂ ਹਨ ਤਾਂ ਉਸ ਪੱਛਮੀ ਰਾਗ ਤੇ ਵੀ ਕਵਿਤਾ ਲਿਖੀ ਹੈ। ਬਾਵਾ ਹਰ ਦੇਸ਼ ਦੇ ਹੁਨਰ ਦਾ ਸਤਿਕਾਰ ਕਰਦਾ ਹੈ। ਕਿਉਂਕਿ ਕਲਾ ਤੋਂ ਉਸ ਨੂੰ ਮਹਾਨ ਆਸ਼ਾਵਾਂ ਹਨ। ਉਸ ਦੇ ਨਵੇਂ ਕਾਵਿ-ਸੰਗ੍ਰਹਿ ਵਿਚੋਂ ਵੀ ਇਹ ਕਲਾ-ਪਿਆਰ ਪ੍ਰਗਟ ਹੁੰਦਾ ਹੈ। 'ਇਲੋਰਾ', 'ਤੂਲਕਾ', 'ਵਿਸ਼ਾਲ ਇਮਾਰਤ ਵੇਖ ਕੇ', 'ਲਾਲ ਕਿਲ੍ਹਾ' ਤੇ 'ਮੈਂ ਉਸ ਵੇਲੇ .ਵੀ ਆਇਆ' ਆਦਿਕ ਕਵਿਤਾਵਾਂ ਵਰਣਨ ਯੋਗ ਹਨ।

ਬਾਵਾ ਬਲਵੰਤ ਜੇ ਇਕ ਚੰਗਾ ਗੀਤ ਗਾਇਕ ਹੈ ਤਾਂ ਮਧੁਰ-ਗੀਤ ਲੇਖਕ ਵੀ ਹੈ। ਪੰਜਾਬੀ ਵਿਚ ਅਜ ਕਲ ਬੇਗਿਣਤ ਗੀਤ ਲਿਖੇ ਜਾ ਰਹੇ ਹਨ, ਬੇਸ਼ਕ ਉਨ੍ਹਾਂ ਵਿਚ ਲੋਕ ਗੀਤਾਂ ਦੀ ਆਤਮਾ ਰਚਾਈ ਜਾ ਰਹੀ ਹੈ, ਪਰ ਉਨ੍ਹਾਂ ਵਿਚ ਗੀਤ ਦੀ ਗੰਭੀਰ ਆਤਮਾ ਤੇ ਮਧੁਰ ਸਰੋਦ ਨਹੀਂ । ਵਿਅਕਤਿਗਤ ਭਾਵਨਾਵਾਂ ਤੇ ਜ਼ਿਆਦਾ ਜ਼ੋਰ ਦਿਤਾ ਜਾ ਰਹਿਆ ਹੈ। ਬਾਵੇ ਦੇ ਗੀਤਾਂ ਵਿਚ ਵੀ ਆਪਣਾ ਰੰਗ ਆਪਣੀ ਆਤਮਾ ਹੈ। ਉਹ ਗੀਤ ਲਿਖਣ ਤੋਂ ਪਹਿਲਾ ਕਈ ਕਈ ਦਿਨ ਗੁਣਗੁਣਾਉਂਦਾ ਰਹਿੰਦਾ ਹੈ ਤਾਂ ਗੀਤ ਲਿਖਦਾ ਹੈ। ਇਹ ਠੀਕ ਹੈ ਕਿ ਉਸ ਦੇ ਗੀਤ ਲੋਕ ਧਾਰਨਾਵਾਂ

ਨਹੀਂ ਹੁੰਦੀਆਂ, ਪਰ ਜ਼ਰੂਰੀ ਨਹੀਂ ਕਿ ਹਰ ਕਵੀ ਇਕੋ ਜਿਹੀਆਂ ਲੀਹਾਂ ਤੇ ਚਲੇ। ਉਹ ਗੀਤਾਂ ਵਿਚ ਵੀ ਮਾਨਵ-ਕਲਿਆਣ, ਵਿਸ਼ਵ-ਵੇਦਨਾ ਆਦਿਕ ਉਦੇਸ਼ਾਂ ਨੂੰ ਨਹੀਂ ਭੁਲਦਾ। 'ਪਿਪਲ ਦੀਆਂ ਛਾਵਾਂ', 'ਦੀਪਕ', 'ਗੀਤ ਉਰਵਸ਼ੀ' ਤੇ 'ਫਲੂਸ' ਆਦਿਕ ਬਹੁਤ ਪਿਆਰੇ ਗੀਤ ਹਨ। ਉਸ ਦੀ ਪੁਸਤਕ 'ਅਮਰ ਗੀਤ' ਸਾਰੀ ਹੀ ਗੀਤਾਂ ਭਰਪੂਰ ਹੈ।

ਸਾਡੇ ਪੁਰਾਣੇ ਸਾਹਿਤ-ਆਚਾਰੀਆਂ ਨੇ ਕਾਵਿ ਦਾ ਬਹੁਤ ਹੀ ਡੂੰਘਾ ਵਿਸ਼ਲੇਸ਼ਣ ਕੀਤਾ ਹੈ ਤੇ ਮਨੁਖੀ-ਰੁਚੀਆਂ ਅਨੁਸਾਰ ਇਸ ਨੂੰ ਨੌਂ ਰਸਾਂ ਵਿਚ ਵੰਡਿਆ ਹੈ। ਨੌਂ ਰਸਾਂ ਦੀ ਇਹ ਸਨਾਤਨੀ ਲੀਹ ਅਜੇ ਵੀ ਨਵੀਨ ਹੈ। ਕਵੀ ਕਦੀ ਵੀ ਆਪਣੇ ਆਸ਼ੇ ਵਿਚ ਸਫਲ ਨਹੀਂ ਸਮਝਿਆ ਜਾ ਸਕਦਾ, ਜਿੰਨਾ ਚਿਰ ਉਹ ਕਿਸੇ ਖਾਸ ਕਿਸਮ ਦਾ ਪ੍ਰਭਾਵ ਪਾਠਕ ਦੇ ਮਨ ਤੇ ਅੰਕਿਤ ਨਾ ਕਰ ਦੇਵੇ। ਬਾਵਾ ਬਲਵੰਤ ਦੀ ਕਵਿਤਾ ਵਿਚ ਇਕ ਵਿਸ਼ੇਸ਼ ਰਸ-ਸੰਚਾਰ ਦੀ ਸ਼ਕਤੀ ਹੈ। ਖਾਸ ਕਰ ਕਰੁਣਾ ਰਸ ਸੰਬੰਧੀ ਉਸ ਦੀ ਕਲਮ ਵਿਚ ਪ੍ਰਬੀਨ ਸ਼ਕਤੀ ਹੈ। ਉਸ ਦੀ ਕਵਿਤਾ "ਦੂਰ ਇਕ ਬਹਿਲੀ ਖੜੀ" ਭਾਰਤੀ ਇਸਤ੍ਰੀ ਦੀ ਬਹੁਤ ਹੀ ਕਰੁਣਾਮਈ ਤਸਵੀਰ ਹੈ। ਕਵੀ ਸੀਤਾ ਬਨਬਾਸ ਦਾ ਇਕ ਚਿਤ੍ਰ ਵੇਖਦਾ ਹੈ, ਦੂਰ ਇਕ ਬਹਿਲੀ ਖੜੀ ਹੈ, ਲਛਮਣ ਭਰਜਾਈ ਨੂੰ ਧੋਖੇ ਨਾਲ ਜੰਗਲ ਵਿਚ ਛਡ ਰਹਿਆ ਹੈ। ਕਵੀ ਨੂੰ ਔਰਤ ਨਾਲ ਹੋ ਰਹੀ ਮੁੱਢ ਕਦੀਮ ਦੀ ਬੇਇਨਸਾਫੀ ਯਾਦ ਆ ਜਾਂਦੀ ਹੈ। ਉਸ ਦੇ ਕਰੁਣਾਮਈ ਰਸ-ਸੰਚਾਰ ਵਿਚ ਵੀ ਇਕ ਸੁਨੇਹਾ ਹੈ ਤੇ ਮਰਦ-ਪ੍ਰਧਾਨ-ਸਮਾਜ ਲਾਅਨਤ ਹੈ। ਭਾਵਕ ਮਨ ਦੇ ਤਾਂ ਅਥਰੂ ਹੀ ਉਮਡ ਆਉਂਦੇ ਹਨ :-

> "ਅਜ਼ਲ ਤੋਂ ਹੀ ਆਦਮੀ ਜ਼ਾਲਮ ਰਹਿਆ,
> ਲੈ ਕੇ ਖੁਸ਼ੀਆਂ ਸੁਹਲ ਦੇਂਦਾ ਗ਼ਮ ਰਹਿਆ,
> ਨਜ਼ਰ ਵਿਚ ਔਰਤ ਸਦਾ ਦਾਸੀ ਰਹੀ,
> ਇਸ ਲਈ ਔਰਤ ਦੀ ਰੂਹ ਸਦਾ ਪਿਆਸੀ ਰਹੀ।"

ਸਾਡੇ ਸਵੰਵਰ ਪ੍ਰਥਾ ਤੇ ਬਹੁਤ ਮਾਣ ਕੀਤਾ ਜਾਂਦਾ ਹੈ ਤੇ ਆਖਿਆ ਜਾਂਦਾ ਹੈ ਕਿ ਸਾਡੀ ਸੰਸਕ੍ਰਿਤੀ ਕਿੰਨੀ ਉੱਚੀ ਸੀ ਜਿਹੜੀ ਔਰਤ ਨੂੰ ਆਪਣਾ ਪਤੀ ਆਪ ਚੁਣਨ ਦੀ ਆਗਿਆ ਦੇਂਦੀ ਸੀ। ਬਾਹਰਮੁਖੀ ਤੌਰ ਤੇ ਤਾਂ ਇਹ ਠੀਕ ਹੈ ਪਰ ਵਿਸ਼ਲੇਸ਼ਣ ਕੀਤਿਆਂ ਪਤਾ ਲਗਦਾ ਹੈ ਕਿ ਉਹ ਸਵੰਵਰ ਵੀ ਔਰਤ ਦੀ ਗੁਲਾਮੀ ਦਾ ਇਕ ਮਹਾਨ ਅੰਗ ਸਨ। ਉਹ ਤਾਂ ਔਰਤ ਨਾਲ ਇਕ ਜੂਆ ਸਨ, ਪਿਆਰ ਬਹਾਦਰੀਆਂ ਜਾਂ ਸਰੀਰਕ ਕਲਾਬਾਜ਼ੀਆਂ ਨਹੀਂ ਵੇਖਦਾ, ਇਸ ਦਾ ਤਾਂ ਅੰਤਰ ਆਤਮਾ ਨਾਲ ਸੰਬੰਧ ਹੈ। ਕਈ ਵਾਰੀ ਅਸੀਂ ਆਪ ਵੀ ਨਹੀਂ ਜਾਣਦੇ ਹੁੰਦੇ ਕਿ ਕਿਉਂ ਪਿਆਰ ਕਰ ਰਹੇ ਹਾਂ। ਉਹ ਸਵੰਬਰ ਵੀ ਔਰਤ ਦੀ ਆਰਥਿਕ ਗੁਲਾਮੀ ਦਾ ਚਿੰਨ੍ਹ ਸਨ ਜਿਸ ਵਿਚ

ਉਸ ਦੀ ਜ਼ਿੰਦਗੀ ਇਕ ਦਾਅ ਤੇ ਲਗਾਈ ਜਾਂਦੀ ਸੀ । ਇਸੇ ਲਈ ਬਾਵਾ ਲਿਖਦਾ ਹੈ:-

"ਉਹ ਸਵੰਬਰ ਵੀ ਧੋਖਾ ਰਹੇ
ਰੂਹ ਕੀ, ਕਰਤੱਵ ਹੀ ਪਰਖ ਗਏ
ਸ਼ੋਕ ! ਦਿਲ ਦੀ ਕੁਝ ਕਦਰ ਹੁਣ ਤਕ ਨਹੀਂ
ਹਾਏ ਔਰਤ ! ਹਾਏ ਜ਼ਾਲਮ ਆਦਮੀ !"

ਇਸ ਕਵਿਤਾ ਤੋਂ ਵੀ ਡੂੰਘਾ ਕਰੁਣਾ ਰਸ ਬਾਵਾ ਦੀ ਕਵਿਤਾ 'ਬੰਦਰਗਾਹ' ਵਿਚ ਹੈ । ਇਸ ਵਿਚ ਕਵੀ ਦਾ ਵਿਅਕਤਿਗਤ ਪਿਆਰ ਰੋ ਰਹਿਆ ਹੈ, ਪਰ ਉਹ ਇਸ ਨੂੰ ਬੜੇ ਰਹੱਸਮਈ ਤੇ ਕਲਾਤਮਕ ਢੰਗ ਨਾਲ ਪ੍ਰਗਟ ਕਰ ਰਹਿਆ ਹੈ । ਸਾਰੀ ਕਵਿਤਾ ਚਿੰਨ੍ਹਾਤਮਕ ਹੈ । ਕਵੀ ਇਕ ਕਲਪਨਿਕ ਬੰਦਰਗਾਹ ਦੇ ਕੰਢੇ ਤੇ ਖੜਾ ਆਪਣੀ ਪ੍ਰੇਮਿਕਾ ਦੇ ਜਹਾਜ਼ ਤੇ ਚੜ੍ਹਣਾ ਚਾਹੁੰਦਾ ਹੈ ਪਰ ਮੋਨ ਪਹਿਰੇਦਾਰ ਉਸ ਨੂੰ ਧੱਕੇ ਮਾਰ ਕੇ ਬਾਹਰ ਹੀ ਰਹਣ ਦੇਂਦੇ ਹਨ । ਜਹਾਜ਼ ਤੁਰ ਜਾਂਦਾ ਹੈ । ਕਵੀ ਵਿਆਕੁਲ ਹੋ ਕੇ ਕੁਰਲਾ ਉਠਦਾ ਹੈ :—

ਜਹਾਜ਼ ਵਾਲਿਓ, ਠਹਿਰੋ ਤਿਆਰ ਹਾਂ ਮੈਂ ਵੀ;
ਜਹਾਜ਼ ਵਾਲਿਓ, ਯਾਰੋ, ਫੜੋ ਮੇਰੀ ਗਠੜੀ ।
ਜਹਾਜ਼ ਵਾਲਿਓ, ਠਹਿਰੋ ਕਿ ਰੋ ਰਿਹਾ ਹਾਂ ਮੈਂ ।
ਨਜਰ ਦੀ ਜੋਤ ਨੂੰ ਪਾਣੀ 'ਚ ਥੋ ਰਿਹਾ ਹਾਂ ਮੈਂ ।

ਇੰਨਾ ਦੁਖਿਤ ਹੋ ਕੇ ਵੀ ਕਵੀ ਆਪਣੀ ਪ੍ਰੇਮਿਕਾ, ਪਿਆਰ-ਭਾਵ ਜਾਂ ਸਮਾਜ ਨੂੰ ਮੰਦਾ ਚੰਗਾ ਨਹੀ ਆਖਦਾ, ਕਿਉਂਕਿ ਉਸ ਵਿਚ ਇਕ ਸਾਂਤ੍ਰਤਾ ਹੈ, ਧੀਰਜ ਹੈ, ਸਮਾਜ ਪ੍ਰਤੀ ਹਿਤ ਹੈ, ਇਸੇ ਲਈ ਆਖਦਾ ਹੈ :—

ਜਹਾਜ਼ ਵਾਲੇ, ਸਦਾਂ ਖੈਰ ਬਾਦਬਾਨਾਂ ਦੀ !
ਜਹਾਜ਼ ਵਾਲੇ, ਸਦਾ ਜੈ ਤੇਰੇ ਨਿਸ਼ਾਨਾਂ ਦੀ !
ਤੂੰ ਆਪਣੇ ਮੋਨ ਸਿਪਾਹੀਆਂ ਦੇ ਦਿਲ 'ਚ ਦਰਦ ਜਗਾ ।
ਤੂੰ ਕਹਿ ਦੇ, ਕਹਿ ਦੇ ਕਿ ਹੈ *ਸੁਪਨ-ਕਾਰ ਸਭ ਤੋਂ ਜੁਦਾ ।

ਉਸ ਦੀ ਇਸ ਸ਼ੁਭ-ਅਸੀਸ ਵਿਚ ਹੋਰ ਵੀ ਕਰੁਣਾ ਹੈ, ਦਰਦ ਹੈ ਤੇ ਇਸ ਤਰ੍ਹਾਂ ਉਹ ਸਭ ਪਾਠਕਾਂ ਦੀ ਹਮਦਰਦੀ ਜਿਤਦਾ ਹੈ ।

ਉਸ ਦੀ ਸ਼ਬਦਾਵਲੀ ਨਿਰੋਲ ਆਪਣੀ ਤੇ ਮੌਲਿਕ ਹੈ । ਕਈ ਕਹਿੰਦੇ ਹਨ ਕਿ ਉਹ ਠੇਠ ਪੰਜਾਬੀ ਨਹੀਂ ਲਿਖਦਾ, ਇਸ ਸੰਬੰਧੀ ਉਸ ਦਾ ਆਪਣਾ ਵਿਚਾਰ ਇਹ ਹੈ ਕਿ ਚੰਗਾ ਸ਼ਬਦ ਜੇ ਗੁਆਂਢੀ ਤੇ ਭੈਣ-ਬੋਲੀ ਦਾ ਮਿਲ ਜਾਵੇ ਤਾਂ ਵਰਤ ਲੈਣਾ

* ਕਲਾਕਾਰ

ਕੋਈ ਹਰਜ ਨਹੀਂ । ਉਸ ਦੀ ਸ਼ਬਦਾਵਲੀ ਵਿਚ ਇਕ ਖਾਸ ਕਿਸਮ ਦੀ ਗੰਭੀਰਤਾ ਹੈ, ਸੰਜਮ ਹੈ । ਉਸ ਦੀ ਇਕ ਕਾਵਿ-ਪੰਗਤੀ ਕਈ ਕਾਵਿ-ਪੰਗਤੀਆਂ 'ਚੋਂ ਵਖਰੀ ਪਈ ਲਭਦੀ ਹੈ । ਸ਼ਬਦਾਵਲੀ ਦੇ ਪੱਖ ਤੋਂ ਉਸ ਨੇ ਇਕ ਵਖਰੀ ਸ਼ੈਲੀ ਨੂੰ ਜਨਮ ਦਿਤਾ ਹੈ । ਕਈ ਵਾਰ ਉਸ ਦਾ ਇਕੋ ਸ਼ਬਦ ਇੰਨਾ ਭਾਵ-ਪੂਰਤ ਹੁੰਦਾ ਹੈ ਕਿ ਇਕੋ ਸ਼ਬਦ ਵਿਚੋਂ ਮਹਾਨ ਭਾਵ ਪ੍ਰਗਟ ਹੁੰਦੇ ਹਨ ।

ਭਾਵੇਂ ਉਸ ਦੀ ਕਵਿਤਾ ਆਮ ਲੋਕਾਂ ਦੇ ਮੂੰਹ ਤੇ ਨਹੀਂ ਚੜ੍ਹਦੀ ਫਿਰ ਵੀ ਉਸ ਦੀ ਕਵਿਤਾ ਵਿਚ ਮਹਾਨ ਹਵਾਲੇ ਬਣ ਜਾਣ ਦੀ ਸ਼ਕਤੀ ਹੈ । ਜਿਉਂ ਜਿਉਂ ਪੜ੍ਹਦੇ ਜਾਈਦਾ ਹੈ ਤਿਉਂ ਤਿਉਂ ਖਿਆਲਾਂ ਦੇ ਅਨੇਕਾਂ ਭਾਵ-ਟੁਕੜੇ ਉਜਾਗਰ ਹੋ ਕੇ ਸਾਹਮਣੇ ਆਉਂਦੇ ਹਨ, ਮਿਸਾਲ ਲਈ :—

"ਅਮਲ ਦੀ ਉਂਗਲੀ ਗਿਣਦੀ ਏ ਤਾਰੇ
ਨਾ ਹਾਰੇਗੀ ਸ਼ੁਮਾਰ ਆਏ ਨਾ ਆਏ ।"
"ਉਜਾਲਾ ਕਰੇ ਆਤਮਾ ਹੌਲੀ ਹੌਲੀ,
ਜਿਵੇਂ ਦਿਨ ਚੜ੍ਹਾਏ ਸ਼ਮ੍ਹਾ ਹੌਲੀ ਹੌਲੀ,
ਸ਼ਿੰਗਾਰਾਂ ਤੋਂ ਹੈ ਸਾਦਗੀ ਹੌਲੀ ਹੌਲੀ,
ਬਣੇ ਆਦਮੀ, ਆਦਮੀ ਹੌਲੀ ਹੌਲੀ ।"

ਇਹੋ ਜਿਹੇ ਹਵਾਲੇ ਉਸ ਦੀ ਕਵਿਤਾ ਵਿਚ ਸੈਂਕੜੇ ਹੀ ਹਨ ।

ਛੰਦ-ਅਲੰਕਾਰਾਂ ਵਲ ਉਹ ਪੂਰਾ ਖਿਆਲ ਰਖਦਾ ਹੈ । ਪਰ ਜਿਥੇ ਉਸ ਦੇ ਖਿਆਲ ਦੱਬੇ ਜਾਣ ਉਥੇ ਕਿਸੇ ਬੰਧਨ ਦੀ ਪ੍ਰਵਾਹ ਨਹੀਂ ਕਰਦਾ । ਪੰਜਾਬੀ ਵਿਚ ਉਸ ਇਕ ਨਵੇਂ ਨਰਾਜ਼-ਛੰਦ ਦੀ ਵਰਤੋਂ ਆਪਣੀ ਕਵਿਤਾ 'ਊਸ਼ਾ' ਤੇ 'ਜਹਾਜ਼ਰਾਨ' ਵਿਚ ਕੀਤੀ । ਉਸ ਖੁਲ੍ਹੀ ਕਵਿਤਾ ਵੀ ਲਿਖੀ ਹੈ; ਗ਼ਜ਼ਲਾਂ ਲਿਖੀਆਂ ਹਨ, ਗੀਤ ਲਿਖੇ ਹਨ, ਇਕ ਪਾਤ੍ਰੀ ਨਾਟਕੀ ਕਵਿਤਾ ਵੀ ਲਿਖੀ ਹੈ ਪਰ ਇਨ੍ਹਾਂ ਸਾਰਿਆਂ ਵਿਚ ਉਹ ਆਪਣੇ ਭਾਵ-ਪ੍ਰਬੰਧ ਵਿਚ ਵਿਘਨ ਨਹੀਂ ਪੈਣ ਦੇਂਦਾ । ਅਲੰਕਾਰਾਂ ਦੇ ਪੱਖ ਤੋਂ ਉਹ ਸਨਾਤਨੀ ਜਾਂ ਰਵਾਇਤੀ ਨਹੀਂ ਸਗੋਂ ਲੋੜ ਪੈਣ ਤੇ ਹੀ ਬੜਾ ਗੰਭੀਰ ਤੇ ਸੂਖਮ ਜਹਿਆ ਅਲੰਕਾਰ ਦੇਂਦਾ ਹੈ । ਉਰਦੂ ਦਾ ਉਸ ਵੀ ਕਾਫ਼ੀ ਅਧਿਐਨ ਕੀਤਾ ਹੈ ਪਰ ਉਹ ਉਰਦੂ ਕਵੀਆਂ ਦੀ ਦੋਹਰਾਗਤ ਤਸ਼ਬੀਹਾਂ ਨਹੀਂ ਵਰਤਦਾ ਸਗੋਂ ਸਦਾ ਮੌਲਿਕ ਅਲੰਕਾਰ ਘੜਦਾ ਹੈ ।

ਆਧੁਨਿਕ ਪੰਜਾਬੀ ਕਾਵਿ ਵਿਚ ਉਹ ਆਪਣੇ ਖਿਆਲਾਂ ਤੇ ਰੂਪ ਦੇ ਪੱਖ ਤੋਂ ਸ਼ੈਲੀਕਾਰ ਹੈ । ਉਸ ਦੀ ਸ਼ੈਲੀ ਬੋਧਿਕ, ਗੰਭੀਰ, ਮਧੁਰ ਤੇ ਰਸਾਤਮਿਕ ਹੈ ਤੇ Classical (ਸਨਾਤਨੀ) ਕਵਿਤਾ ਦਾ ਪ੍ਰਭਾਵ ਪਾਉਂਦੀ ਹੈ ।

———

ਪੰਜਾਬੀ ਆਲੋਚਨਾ ਸਾਹਿਤ ਵਿਚ ਵਿਸ਼ੇਸ਼ ਆਗਮਨ

# ਸਾਹਿਤਯ ਚਿੰਤਨ

**ਕ੍ਰਿਤ : ਕੁਲਬੀਰ ਸਿੰਘ ਕਾਂਗ ਐਮ. ਏ.**

'ਕੁਲਬੀਰ ਸਿੰਘ ਨੇ ਆਪਣੀ ਇਸ ਰਚਨਾ ਵਿਚ ਮਿਹਨਤ, ਨਿਰਪਖਤਾ ਤੇ ਸੂਝ ਬੂਝ ਤੋਂ ਕੰਮ ਲਿਆ ਹੈ.,.......,ਇਸ ਪੁਸਤਕ ਵਿਚ ਲੇਖਕ ਨੇ ਕੁਝ ਕੁ ਅਜਿਹੇ ਵਿਸ਼ਿਆਂ ਤੇ ਵੀ ਚਾਣਨਾ ਪਾਇਆ ਹੈ, ਜਿਹੜੇ ਆਮ ਤੌਰ ਤੇ ਪੰਜਾਬੀ ਸ਼ਾਹਿਤ ਦੇ ਪਾਰਖੂ ਅਖੋਂ ਓਹਲੇ ਕਰ ਦੇਂਦੇ ਹਨ। ਇਨ੍ਹਾਂ ਦੀ ਨਿਧੜਕਤਾ ਵੀ ਪ੍ਰਸੰਸਾ-ਜਨਕ ਹੈ, ਕਿਉਂਕਿ ਇਨ੍ਹਾਂ ਨੇ ਕਈ ਥਾਈਂ ਪ੍ਰਚਲਤ ਤੋਂ ਵਖਰੀ ਰਾਇ ਦੇ ਕੇ ਆਪਣੀ ਦਿਆਨਤਦਾਰੀ ਦਾ ਸਬੂਤ ਦਿਤਾ ਹੈ।

ਤ੍ਰੈਰੰਗਾ ਭਾਵ ਪੂਰਤ ਮੁਖ ਚਿਤ੍ਰ—
ਚਿਤ੍ਰਕਾਰ ਕੇ. ਸੀ. ਆਰੀਅਨ
ਸੁੰਦਰ ਛਪਾਈ-ਕੀਮਤ ੩'੨੫

ਮਿਲਣ ਦਾ ਪਤਾ:—

**ਨਵ ਯੁਗ ਪਬਲਿਸ਼ਰਜ਼ ਚਾਂਦਨੀ ਚੌਕ ਦਿੱਲੀ**

## ਆਲੋਚਨਾ ਸੰਬੰਧੀ ਸੂਚਨਾਵਾਂ

੧. 'ਆਲੋਚਨਾ' ਨੂੰ ਜੂਨ, ੫੮ ਤੋਂ ਮਾਸਕ ਪੱਤਰ ਬਣਾ ਦਿਤਾ ਗਇਆ ਹੈ। ਇਹ ਹਰ ਮਹੀਨੇ ਦੀ ਪਹਿਲੀ ਤਾਰੀਖ ਨੂੰ ਪਰਕਾਸ਼ਿਤ ਹੋ ਕੇ ਸਭ ਪ੍ਰੇਮੀਆਂ ਦੇ ਹੱਥ ਵਿਚ ਪਹੁੰਚ ਜਾਂਦਾ ਹੈ। ਪ੍ਰੇਮੀ-ਜਨ ਸੰਭਾਲ ਕਰ ਲਇਆ ਕਰਨ।

੨. ਚੰਦਾ :–'ਆਲੋਚਨਾ' ਕਿਸੇ ਨੂੰ ਨਮੂਨੇ ਵਜੋਂ ਨਹੀਂ ਭੇਜਿਆ ਜਾਂਦਾ। ਚੰਦਾ ਇਕ ਪਰਚੇ ਲਈ ਪੰਜਾਹ ਨਵੇਂ ਪੈਸੇ (ਭਾਰਤ ਤੋਂ ਬਾਹਰ ਭੇਜਣ ਲਈ ੭੫ ਨ: ਪੈ: ਤੇ ਸਾਲ ਲਈ ਪੰਜ ਰੁਪਏ (ਭਾਰਤ ਤੋਂ ਬਾਹਰ ਭੇਜਣ ਲਈ ਅੱਠ ਰੁਪਏ)) ਪੇਸ਼ਗੀ ਆਉਣੇ ਜ਼ਰੂਰੀ ਹਨ। 'ਆਲੋਚਨਾ' ਵੀ. ਪੀ. ਪੀ. ਦੁਆਰਾ ਵੀ ਨਹੀਂ ਭੇਜਿਆ ਜਾਂਦਾ।

੩. 'ਆਲੋਚਨਾ' ਵਿਚ ਕੇਵਲ ਸਾਹਿੱਤਿਕ ਖੋਜ ਤੇ ਪੜਚੋਲ ਦੇ ਲੇਖ ਹੀ ਛਾਪੇ ਜਾਂਦੇ ਹਨ, ਜਾਂ ਪੰਜਾਬੀ ਵਿਚ ਛਪੀਆਂ ਪੁਸਤਕਾਂ ਦੇ ਰੀਵੀਊ।

੪. 'ਆਲੋਚਨਾ' ਵਿਚ ਛਪੇ ਹਰ ਲੇਖ ਦੇ ਲਿਖਾਰੀ ਨੂੰ ੧੦) ਰੁਪਏ ਪ੍ਰਤੀ ਹਜ਼ਾਰ ਸ਼ਬਦ (ਵਧ ਤੋਂ ਵਧ ੩੦ ਰੁਪਏ ਪ੍ਰਤੀ ਲੇਖ) ਨਜ਼ਰਾਨੇ ਵਜੋਂ ਦਿੱਤੇ ਜਾਂਦੇ ਹਨ ਤੇ ਨਾਲੇ ਉਸ ਦੇ ਲੇਖ ਦੀਆਂ ਪੰਜ ਕਾਪੀਆਂ ਵੀ ਭੇਜੀਆਂ ਜਾਂਦੀਆਂ ਹਨ।

੫. 'ਆਲੋਚਨਾ' ਦੇ ਕਿਸੇ ਅੰਕ ਦੇ ਛਪਣ ਤੋਂ ਘਟ ਤੋਂ ਘਟ ਇਕ ਮਹੀਨਾ ਪਹਿਲਾਂ ਉਸ ਅੰਕ ਲਈ ਲੇਖ ਪਹੁੰਚ ਜਾਣੇ ਜ਼ਰੂਰੀ ਹਨ।

੬. ਨਾ-ਪਰਵਾਨ ਹੋਇਆ ਲੇਖ ਮੰਗਣ ਤੇ ਵਾਪਸ ਕਰ ਦਿੱਤਾ ਜਾਂਦਾ ਹੈ।

੭. ਹਰ ਲੇਖ ਸਾਫ਼, ਸ਼ੁੱਧ ਤੇ ਕਾਗਜ਼ ਦੇ ਇਕ ਪਾਸੇ ਲਿਖਿਆ ਹੋਣਾ ਚਾਹੀਦਾ ਹੈ, ਪਦ-ਜੋੜ ਵੀ ਪ੍ਰਵਾਣਤ ਨੇਮ ਅਨੁਸਾਰ ਹੋਣੇ ਚਾਹੀਦੇ ਹਨ।

੮. ਏਜੰਸੀ ਪਰਚੂਨ ਨਿਰਖ ਤੇ ੩੩% ਕਮਿਸ਼ਨ ਤੇ ਦਿੱਤੀ ਜਾਂਦੀ ਹੈ। ਏਜੰਟ ਸਾਹਿਬਾਨ ਨੂੰ ਚਾਹੀਦਾ ਹੈ ਕਿ ਜਿੰਨੇ ਪਰਚਿਆਂ ਦੀ ਲੋੜ ਹੋਵੇ ਉਤਨਿਆਂ ਪਰਚਿਆਂ ਦੀ ਕੀਮਤ ਪੇਸ਼ਗੀ ਭੇਜਣ। ਦਸ ਪਰਚਿਆਂ ਤੋਂ ਘਟ ਲਈ ਕਮਿਸ਼ਨ ੨੫% ਹੈ।

੯. 'ਆਲੋਚਨਾ' ਵਿਚ ਇਸ਼ਤਿਹਾਰ ਵੀ ਦਿਤੇ ਜਾ ਸਕਦੇ ਹਨ। ਨਿਰਖ ਲਿਖਾ ਪੜ੍ਹੀ ਕਰਕੇ ਨਿਯਤ ਕੀਤੇ ਜਾਣ।

ਡਾ: ਸ਼ੇਰ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਮਹਿੰਦਰਾ ਆਰਟ ਪ੍ਰੈਸ, ਕਚਹਿਰੀ ਰੋਡ, ਲੁਧਿਆਣਾ ਵਿਚ ਛਾਪ ਕੇ ਦਫ਼ਤਰ 'ਆਲੋਚਨਾ' ੫੫੫ ਐਲ. ਮਾਡਲ ਟਾਊਨ, ਲੁਧਿਆਣਾ ਤੋਂ ਪਰਕਾਸ਼ਤ ਕੀਤਾ।